14-AUG-PAGE-1.qxd 8/13/2025 9:11 PM Page 1

ਵੀਰਵਾਰ, 14 ਅਗਸਤ, 2025
30 ਸਾਉਣ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 74

ਰੋਜ਼ਾਨਾ
ਨਵਾਂ ਜ਼ਮਾਨਾ

DAILY NAWAN ZAMANA • THURSDAY, 14 AUGUST, 2025
ਜਲੰਧਰ

ਕੀਮਤ/PRICE : 5.00 ਰੁਪਏ | Regd. No : L-4/Pb-JL-0023/2024-26, (R.N.I.)-00068/57 | E-mail : nawanzamana@gmail.com | www.nawanzamana.in | ਸਫੇ : 14

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

You Tube nawan zamana TV

ਫੌਜੀ ਨਾਇਕਾਵਾਂ ਦੇ ਕੇ ਬੀ ਸੀ 'ਚ ਆਉਣ 'ਤੇ ਵਿਵਾਦ

ਮੋਦੀ ਸਰਕਾਰ 'ਤੇ ਅਕਸ ਚਮਕਾਉਣ ਲਈ ਫੌਜ ਨੂੰ ਵਰਤਣ ਦਾ ਦੋਸ਼



ਨਵੀਂ ਦਿੱਲੀ : ਕੌਣ ਬਨੇਗਾ ਕਰੋੜਪਤੀ (ਕੇ ਬੀ ਸੀ) ਦੇ ਸੀਜ਼ਨ-17 ਵਿੱਚ ਅਮਿਤਾਭ ਬਚਨ ਆਜ਼ਾਦੀ ਦਿਨ 'ਤੇ ਉਨ੍ਹਾਂ ਮਹਿਲਾ ਅਫਸਰਾਂ ਨਾਲ ਗੱਲਬਾਤ ਕਰਨਗੇ, ਜਿਨ੍ਹਾਂ ਪਾਕਿਸਤਾਨ ਖਿਲਾਫ ਅਪ੍ਰੇਸ਼ਨ ਸਿੰਧੂਰ ਬਾਰੇ ਜਾਣਕਾਰੀਆਂ ਦਿੱਤੀਆਂ ਸਨ। ਚੈਨਲ ਵੱਲੋਂ ਦਿਖਾਏ ਜਾ ਰਹੇ ਪ੍ਰੋਮੋ ਵਿੱਚ ਅਮਿਤਾਭ ਬਚਨ ਕਰਨਲ ਸੋਫੀਆ ਕੁਰੈਸ਼ੀ (ਥਲ ਸੈਨਾ), ਵਿੰਗ ਕਮਾਂਡਰ ਵਿਯੋਮਿਕਾ ਸਿੰਘ (ਹਵਾਈ ਸੈਨਾ) ਤੇ ਕਮਾਂਡਰ ਪ੍ਰੇਰਣਾ ਦਿਓਸਥਾਲੀ (ਜਲ ਸੈਨਾ) ਦਾ ਸਵਾਗਤ ਕਰਦੇ ਨਜ਼ਰ ਆਉਂਦੇ ਹਨ।

ਹੋ ਸਕਦਾ ਹੈ ਕਿ ਇਨ੍ਹਾਂ ਅਫਸਰਾਂ ਨੇ ਸ਼ੋਅ ਵਿੱਚ ਆਉਣ ਲਈ ਸੰਬੰਧਤ ਵਿਭਾਗ ਤੋਂ ਕਲੀਅਰੈਂਸ ਲਈ ਹੋਵੇ, ਪਰ ਕਈ ਲੋਕ ਕਹਿ ਰਹੇ ਹਨ ਕਿ ਇਹ ਮੋਦੀ ਸਰਕਾਰ ਦਾ ਪੀ ਆਰ ਸਟੰਟ ਅਤੇ ਸਿਆਸੀ ਲਾਹਾ ਲੈਣ ਦੀ ਕੋਸ਼ਿਸ਼ ਹੈ। ਜਦੋਂ ਅਪ੍ਰੇਸ਼ਨ ਸਿੰਧੂਰ ਚੱਲ ਰਿਹਾ ਸੀ ਕਰਨਲ ਸੋਫੀਆ ਤੇ ਵਿੰਗ ਕਮਾਂਡਰ ਵਿਯੋਮਿਕਾ ਸਿੰਘ ਪ੍ਰੈੱਸ ਨੂੰ ਜਾਣਕਾਰੀ ਦਿੱਤੀ ਸੀ। ਇੱਕ ਵਿਅਕਤੀ ਨੇ ਐੱਕਸ 'ਤੇ ਪੋਸਟ ਕੀਤਾ ਕਿ ਅਪ੍ਰੇਸ਼ਨ ਸਿੰਧੂਰ ਦੀਆਂ ਨਾਇਕਾਵਾਂ ਕੇ ਬੀ ਸੀ 'ਤੇ ਸਿਰਫ ਇਸ ਕਰਕੇ ਆ ਰਹੀਆਂ ਹਨ ਕਿ ਇੱਕ 'ਰਾਸ਼ਟਰਵਾਦੀ' ਪਾਰਟੀ ਕੁਝ ਵੋਟਾਂ ਬਟੋਰਨੀਆਂ ਚਾਹੁੰਦੀ ਹੈ। ਇੱਕ ਹੋਰ ਨੇ ਪੋਸਟ ਕੀਤਾ ਹੈ ਕਿ ਕੀ ਤੁਸੀਂ ਕਿਸੇ ਸੰਜੀਦਾ ਦੇਸ਼ ਵਿੱਚ ਕਿਸੇ ਮਿਲਟਰੀ ਅਪ੍ਰੇਸ਼ਨ ਤੋਂ ਬਾਅਦ ਅਜਿਹਾ ਹੁੰਦਾ ਦੇਖਿਆ ਹੈ? ਕਿਸੇ ਫੌਜੀ ਅਫਸਰ ਨੂੰ ਇਸ ਦੀ ਆਗਿਆ ਕਿਵੇਂ ਦੇ ਦਿੱਤੀ ਗਈ? ਵਰਤਮਾਨ ਹਕੂਮਤ ਆਪਣੀ ਸੌੜੀ ਸਿਆਸਤ ਤੇ ਅੱਤ-ਰਾਸ਼ਟਰਵਾਦ ਲਈ ਸਾਡੀਆਂ ਸੈਨਾਵਾਂ ਨੂੰ ਬੇਸ਼ਰਮੀ ਨਾਲ ਵਰਤ ਰਹੀ ਹੈ।

ਇੱਕ ਪੋਸਟ ਵਿੱਚ ਇਹ ਕਿਹਾ ਗਿਆ ਹੈ ਕਿ ਸਾਡੀਆਂ ਸੈਨਾਵਾਂ ਸਿਆਸਤ ਤੋਂ ਉੱਪਰ ਤੇ ਪੀ ਆਰ ਤੋਂ ਪਰ੍ਹੇ ਹਨ, ਪਰ ਮੋਦੀ ਸਰਕਾਰ ਆਪਣਾ ਅਕਸ ਚਮਕਾਉਣ ਲਈ ਜਵਾਨਾਂ ਦੀ ਕੇ ਬੀ ਸੀ ਵਰਗੇ ਸ਼ੋਅ ਵਿੱਚ ਪਰੇਡ ਕਰਵਾ ਰਹੀ ਹੈ। ਮੋਦੀ ਦੀ ਮਸ਼ਹੂਰੀ ਲਈ ਸੈਨਾ ਨੂੰ ਵੀ ਸਿਆਸੀ ਸੰਦ ਬਣਾ ਦਿੱਤਾ ਗਿਆ ਹੈ। ਸੈਨਾਵਾਂ ਦੇਸ਼ ਦੀ ਰਾਖੀ ਕਰਨ ਲਈ ਹਨ, ਕਿਸੇ ਸਿਆਸਤਦਾਨ ਦੇ ਬਰੈਂਡ ਦੀ ਨਹੀਂ।

ਇੱਕ ਹੋਰ ਯੂਜ਼ਰ ਨੇ ਸਵਾਲ ਕੀਤਾ ਹੈ ਕਿ ਕੀ ਹਥਿਆਰਬੰਦ ਸੈਨਾਵਾਂ ਦਾ ਪ੍ਰੋਟੋਕੋਲ ਅਫਸਰਾਂ ਨੂੰ ਕੇ ਬੀ ਸੀ ਵਰਗੇ ਰਿਐਲਟੀ ਸ਼ੋਅ ਵਿੱਚ ਜਾਣ ਦੀ ਆਗਿਆ ਦਿੰਦਾ ਹੈ। ਭਾਰਤੀ ਸੈਨਾਵਾਂ ਦਾ ਇੱਕ ਪ੍ਰੋਟੋਕੋਲ ਹੈ, ਕੁਝ ਗੈਰਤ ਹੈ ਤੇ ਕਾਫੀ ਸਤਿਕਾਰ ਹੈ। ਸਿਆਸਤਦਾਨ ਆਪਣੇ ਨਿੱਜੀ ਲਾਭ ਲਈ ਇਸ ਨੂੰ ਬਰਬਾਦ ਕਰ ਰਹੇ ਹਨ। ਸ਼ਰਮ ਦੀ ਗੱਲ ਹੈ।

ਸ਼ਿਵ ਸੈਨਾ (ਯੂ ਬੀ ਟੀ) ਦੀ ਸਾਂਸਦ ਪ੍ਰਿਅੰਕਾ ਚਤੁਰਵੇਦੀ ਨੇ ਕਿਹਾ, 'ਅਪ੍ਰੇਸ਼ਨ ਸਿੰਧੂਰ ਦਾ ਚਿਹਰਾ ਬਣੀਆਂ ਸਾਡੀਆਂ ਨਾਇਕਾਵਾਂ ਨੂੰ ਇੱਕ ਪ੍ਰਾਈਵੇਟ ਇੰਟਰਟੇਨਮੈਂਟ ਚੈਨਲ ਨੇ ਆਪਣੇ ਸ਼ੋਅ ਵਿੱਚ ਸੱਦਿਆ ਹੈ। ਇਸ ਚੈਨਲ ਦੀ ਮਾਲਕ ਕੰਪਨੀ ਸੋਨੀ ਪਿਕਚਰਜ਼ ਨੈੱਟਵਰਕਸ ਇੰਡੀਆ ਨੇ ਏਸ਼ੀਆ ਕੱਪ ਦੇ 2031 ਤੱਕ ਲਈ ਬ੍ਰਾਡਕਾਸਟਿੰਗ ਰਾਈਟਸ ਵੀ ਹਾਸਲ ਕੀਤੇ ਹਨ। ਇਹ ਚੈਨਲ ਭਾਰਤ ਤੇ ਪਾਕਿਸਤਾਨ ਵਿਚਾਲੇ ਮੈਚਾਂ ਤੋਂ ਨੋਟ ਕਮਾਉਂਦਾ ਹੈ।

ਨਿਯਮਾਂ ਮੁਤਾਬਕ ਰੈਸਟੋਰੈਂਟਾਂ, ਹੋਟਲਾਂ ਜਾਂ ਸ਼ਾਪਿੰਗ ਵੇਲੇ ਫੌਜੀ ਵਰਦੀ ਵਿੱਚ ਜਾਣੋ ਵਰਜਿਆ ਜਾਂਦਾ ਹੈ। ਫੌਜੀ ਅਫਸਰ ਆਫੀਸਰਜ਼ ਮੈੱਸ ਵਿੱਚ ਹੁੰਦੇ ਆਫੀਸ਼ਿਅਲ ਸਮਾਜੀ ਫੰਕਸ਼ਨਾਂ ਵਿੱਚ ਵਰਦੀ ਪਾ ਕੇ ਸ਼ਾਮਲ ਹੋ ਸਕਦੇ ਹਨ, ਪਰ ਟੋਪੀ ਨਹੀਂ ਪਾ ਸਕਦੇ। ਆਫੀਸਰਜ਼ ਮੈੱਸ ਵਿੱਚ ਡਾਂਸ ਆਦਿ ਦੌਰਾਨ ਵੀ ਵਰਦੀ ਪਾਈ ਜਾ ਸਕਦੀ ਹੈ।

ਬਿਹਾਰ 'ਚ ਸੁਧਾਈ ਪ੍ਰਕਿਰਿਆ ਵੋਟਰ-ਫਰੈਂਡਲੀ : ਸੁਪਰੀਮ ਕੋਰਟ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਬੁੱਧਵਾਰ ਕਿਹਾ ਕਿ ਬਿਹਾਰ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਵਿਆਪਕ ਸੋਧ (ਐੱਸ ਆਈ ਆਰ) ਲਈ ਇੱਕ ਵੋਟਰ ਵੱਲੋਂ ਜਮ੍ਹਾਂ ਕਰਾਉਣ ਲਈ ਲੋੜੀਂਦੇ 11 ਦਸਤਾਵੇਜ਼ਾਂ ਦਾ ਵਿਕਲਪ ਵੋਟਰ-ਅਨੁਕੂਲ (ਵੋਟਰ ਫਰੈਂਡਲੀ) ਹੈ, ਜਦੋਂਕਿ ਪਹਿਲਾਂ ਕੀਤੀ ਗਈ ਸੰਖੇਪ ਸੁਧਾਈ ਵਿੱਚ ਸਿਰਫ 7 ਦਸਤਾਵੇਜ਼ ਸਨ।

ਚੋਣ ਕਮਿਸ਼ਨ ਦੇ ਬਿਹਾਰ ਵਿੱਚ ਐੱਸ ਆਈ ਆਰ ਕਰਵਾਉਣ ਦੇ 24 ਜੂਨ ਦੇ ਫੈਸਲੇ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ ਦੇ ਬੈਚ 'ਤੇ ਜਸਟਿਸ ਸੂਰੀਆ ਕਾਂਤ ਅਤੇ ਜਸਟਿਸ ਜੋਏਮਲਿਆ ਬਾਗਚੀ ਦੀ ਬੈਂਚ ਨੇ ਸੁਣਵਾਈ ਦੌਰਾਨ ਕਿਹਾ ਕਿ ਪਟੀਸ਼ਨਰਾਂ ਦੇ ਇਸ ਤਰਕ ਕਿ 'ਆਧਾਰ' ਨੂੰ ਨਾ ਮੰਨਣਾ ਇੱਕ 'ਨਿਖੇੜਾਕਾਰੀ ਕਾਰਵਾਈ' ਸੀ, ਦੇ ਬਾਵਜੂਦ ਜਾਪਦਾ ਹੈ ਕਿ ਇਸ ਸੰਬੰਧ ਵਿਚ ਦਿੱਤਾ ਗਿਆ ਵੱਡੀ ਗਿਣਤੀ ਦਸਤਾਵੇਜ਼ਾਂ ਦਾ ਵਿਕਲਪ ਅਸਲ ਵਿੱਚ 'ਸ਼ਮੂਲੀਅਤਕਾਰੀ' ਹੈ।

ਬੈਂਚ ਨੇ ਕਿਹਾ, "ਰਾਜ ਵਿੱਚ ਪਹਿਲਾਂ ਕੀਤੀ ਗਈ ਸੰਖੇਪ ਸੁਧਾਈ ਵਿੱਚ ਦਸਤਾਵੇਜ਼ਾਂ ਦੀ ਗਿਣਤੀ ਸੱਤ ਸੀ ਅਤੇ ਐੱਸ ਆਈ ਆਰ ਵਿੱਚ ਇਹ 11 ਹੈ, ਜੋ ਦਰਸਾਉਂਦਾ ਹੈ ਕਿ ਇਹ ਕਾਰਵਾਈ ਵੋਟਰ ਅਨੁਕੂਲ ਹੈ। ਅਸੀਂ ਤੁਹਾਡੇ ਇਸ ਤਰਕ ਨੂੰ ਸਮਝਦੇ ਹਾਂ ਕਿ 'ਆਧਾਰ' ਨੂੰ ਨਾ ਮੰਨਣਾ ਇੱਕ ਨਿਖੇੜਾਕਾਰੀ ਕਾਰਵਾਈ ਹੈ, ਪਰ ਵੱਡੀ ਗਿਣਤੀ ਦਸਤਾਵੇਜ਼ ਅਸਲ ਵਿੱਚ ਸ਼ਮੂਲੀਅਤਕਾਰੀ ਹਨ।"

ਸੁਪਰੀਮ ਕੋਰਟ ਨੇ ਨੋਟ ਕੀਤਾ ਕਿ ਵੋਟਰਾਂ ਨੂੰ 11 ਦਸਤਾਵੇਜ਼ਾਂ ਦੀ ਸੂਚੀ ਵਿੱਚੋਂ ਕੋਈ ਵੀ ਇੱਕ ਦਸਤਾਵੇਜ਼ ਜਮ੍ਹਾਂ ਕਰਾਉਣ ਦੀ ਲੋੜ ਹੈ। ਪਟੀਸ਼ਨਰਾਂ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਅਭਿਸ਼ੇਕ ਮਨੂ ਸਿੰਘਵੀ ਨੇ ਅਸਹਿਮਤੀ ਪ੍ਰਗਟਾਈ ਅਤੇ ਕਿਹਾ ਕਿ ਦਸਤਾਵੇਜ਼ਾਂ ਦੀ ਗਿਣਤੀ ਜ਼ਿਆਦਾ ਹੋ ਸਕਦੀ ਹੈ, ਪਰ ਉਨ੍ਹਾਂ ਦਾ ਘੇਰਾ ਬਹੁਤ ਘੱਟ ਹੈ।

ਵੋਟਰਾਂ ਕੋਲ ਪਾਸਪੋਰਟ ਦੀ ਉਪਲੱਬਧਤਾ ਦੀ ਮਿਸਾਲ ਦਿੰਦਿਆਂ ਸਿੰਘਵੀ ਨੇ ਕਿਹਾ ਕਿ ਬਿਹਾਰ ਵਿੱਚ ਇਹ ਸਿਰਫ ਇੱਕ ਤੋਂ ਦੋ ਫੀਸਦੀ ਹੈ ਅਤੇ ਰਾਜ ਵਿੱਚ ਦਿੱਤੇ ਗਏ ਸਥਾਈ ਨਿਵਾਸੀ ਸਰਟੀਫਿਕੇਟਾਂ ਲਈ ਉਨ੍ਹਾਂ ਕੋਲ ਕੋਈ ਵਿਵਸਥਾ ਨਹੀਂ। ਉਨ੍ਹਾ ਕਿਹਾ, 'ਜੇ ਅਸੀਂ ਬਿਹਾਰ ਵਿੱਚ ਆਬਾਦੀ ਕੋਲ ਦਸਤਾਵੇਜ਼ਾਂ ਦੀ ਉਪਲੱਬਧਤਾ ਨੂੰ ਦੇਖੀਏ ਤਾਂ ਇਹ ਆਖਿਆ ਜਾ ਸਕਦਾ ਹੈ ਕਿ ਕਵਰੇਜ ਬਹੁਤ ਘੱਟ ਹੈ।' ਬੈਂਚ ਨੇ ਕਿਹਾ ਕਿ ਰਾਜ ਵਿੱਚ 36 ਲੱਖ ਪਾਸਪੋਰਟ ਧਾਰਕਾਂ ਦੀ ਕਵਰੇਜ ਚੰਗੀ ਜਾਪਦੀ ਹੈ। ਜਸਟਿਸ ਬਾਗਚੀ ਨੇ ਇਸ਼ਾਰਾ ਕੀਤਾ, 'ਦਸਤਾਵੇਜ਼ਾਂ ਦੀ ਸੂਚੀ ਆਮ ਤੌਰ 'ਤੇ ਵੱਧ ਤੋਂ ਵੱਧ ਕਵਰੇਜ ਨੂੰ ਯਕੀਨੀ ਬਣਾਉਣ ਲਈ ਵੱਖ-ਵੱਖ ਸਰਕਾਰੀ ਵਿਭਾਗਾਂ ਤੋਂ ਫੀਡਬੈਕ ਲੈਣ ਤੋਂ ਬਾਅਦ ਤਿਆਰ ਕੀਤੀ ਜਾਂਦੀ ਹੈ।'

ਇਸ ਤੋਂ ਪਹਿਲਾਂ 12 ਅਗਸਤ ਨੂੰ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਵੋਟਰ ਸੂਚੀਆਂ ਵਿੱਚ ਨਾਗਰਿਕਾਂ ਜਾਂ ਗੈਰ-ਨਾਗਰਿਕਾਂ ਨੂੰ ਸ਼ਾਮਲ ਕਰਨਾ ਅਤੇ ਕੱਢਣਾ ਚੋਣ ਕਮਿਸ਼ਨ ਦੇ ਅਧਿਕਾਰ ਖੇਤਰ ਵਿੱਚ ਹੈ ਅਤੇ ਬੈਂਚ ਨੇ ਬਿਹਾਰ ਵਿੱਚ ਵੋਟਰ ਸੂਚੀਆਂ ਦੇ ਐੱਸ ਆਈ ਆਰ ਵਿੱਚ ਨਾਗਰਿਕਤਾ ਦੇ ਪੱਕੇ ਸਬੂਤ ਵਜੋਂ ਆਧਾਰ ਅਤੇ ਵੋਟਰ ਕਾਰਡ ਨੂੰ ਸਵੀਕਾਰ ਨਾ ਕਰਨ ਦੇ ਚੋਣ ਕਮਿਸ਼ਨ ਦੇ ਸਟੈਂਡ ਦਾ ਸਮਰਥਨ ਕੀਤਾ।

ਸੁਪਰੀਮ ਕੋਰਟ ਨੇ ਵੋਟਾਂ ਗਿਣਾਈਆਂ ਤਾਂ ਹਾਰਿਆ ਜੇਤੂ ਨਿਕਲਿਆ

ਨਵੀਂ ਦਿੱਲੀ : ਇੱਕ ਅਨੋਖੀ ਕਾਰਵਾਈ ਵਿੱਚ ਸੁਪਰੀਮ ਕੋਰਟ ਨੇ ਹਰਿਆਣਾ ਦੇ ਪਾਣੀਪਤ ਜ਼ਿਲ੍ਹੇ ਦੇ ਬੁਆਨਾ ਲੱਖੂ ਪਿੰਡ ਦੀ ਗ੍ਰਾਮ ਪੰਚਾਇਤ ਦੇ ਸਰਪੰਚ ਦੀ ਚੋਣ ਨਾਲ ਸੰਬੰਧਤ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ (ਈ ਵੀ ਐੱਮ) ਅਤੇ ਹੋਰ ਰਿਕਾਰਡਾਂ ਨੂੰ ਤਲਬ ਕੀਤਾ ਅਤੇ ਵੋਟਾਂ ਦੀ ਮੁੜ ਗਿਣਤੀ ਕਰਵਾਈ, ਜਿਸ ਨਾਲ ਨਤੀਜੇ ਵਿੱਚ ਉਲਟਫੇਰ ਸਾਹਮਣੇ ਆਇਆ।

ਸੁਪਰੀਮ ਕੋਰਟ ਦੇ ਓ ਐੱਸ ਡੀ (ਰਜਿਸਟਰਾਰ) ਕਾਵੇਰੀ ਨੇ ਦੋਵਾਂ ਧਿਰਾਂ ਅਤੇ ਉਨ੍ਹਾਂ ਦੇ ਵਕੀਲਾਂ ਦੀ ਮੌਜੂਦਗੀ ਵਿੱਚ ਗਿਣਤੀ ਕੀਤੀ ਅਤੇ ਪੂਰੀ ਕਾਰਵਾਈ ਦੀ ਵੀਡੀਓਗ੍ਰਾਫੀ ਕੀਤੀ ਗਈ। ਜਸਟਿਸ ਸੂਰੀਆ ਕਾਂਤ ਦੀ ਅਗਵਾਈ ਵਾਲੀ ਬੈਂਚ ਨੇ ਆਪਣੇ 11 ਅਗਸਤ ਦੇ ਹੁਕਮ ਵਿੱਚ ਕਿਹਾ, 'ਡਿਪਟੀ ਕਮਿਸ਼ਨਰ-ਕਮ-ਚੋਣ ਅਧਿਕਾਰੀ ਪਾਣੀਪਤ ਨੂੰ ਇਸ ਸੰਬੰਧ ਵਿੱਚ ਦੋ ਦਿਨਾਂ ਦੇ ਅੰਦਰ ਇੱਕ ਨੋਟੀਫਿਕੇਸ਼ਨ ਜਾਰੀ ਕਰਨ ਦਾ ਨਿਰਦੇਸ਼ ਦਿੱਤਾ ਜਾਂਦਾ ਹੈ, ਜਿਸ ਵਿੱਚ ਅਪੀਲਕਰਤਾ (ਮੋਹਿਤ ਕੁਮਾਰ) ਨੂੰ ਉਪਰੋਕਤ ਗ੍ਰਾਮ ਪੰਚਾਇਤ ਦਾ ਚੁਣਿਆ ਹੋਇਆ ਸਰਪੰਚ ਐਲਾਨਿਆ ਜਾਵੇ।' ਬੈਂਚ, ਜਿਸ ਵਿਚ ਜਸਟਿਸ ਦੀਪਾਂਕਰ ਦੱਤਾ ਅਤੇ ਜਸਟਿਸ ਐੱਨ ਕੋਟਿਸ਼ਵਰ ਸਿੰਘ ਵੀ ਸ਼ਾਮਲ ਸਨ, ਨੇ ਹੁਕਮ ਦਿੱਤਾ ਕਿ ਮੋਹਿਤ ਕੁਮਾਰ ਸਰਪੰਚ ਦਾ ਅਹੁਦਾ ਤੁਰੰਤ ਸੰਭਾਲਣ ਅਤੇ ਆਪਣੇ ਫਰਜ਼ਾਂ ਦੀ ਪਾਲਣਾ ਕਰਨ ਦਾ ਹੱਕਦਾਰ ਹੋਵੇਗਾ। ਇਹ ਵਿਵਾਦ 2 ਨਵੰਬਰ, 2022 ਨੂੰ ਹੋਈ ਸਰਪੰਚ ਦੀ ਚੋਣ ਨਾਲ ਸੰਬੰਧਤ ਹੈ, ਜਿਸ ਵਿੱਚ ਕੁਲਦੀਪ ਸਿੰਘ ਨੂੰ ਮੋਹਿਤ ਕੁਮਾਰ ਦੇ ਮੁਕਾਬਲੇ ਜੇਤੂ ਐਲਾਨਿਆ ਗਿਆ ਸੀ। ਮੋਹਿਤ ਕੁਮਾਰ ਨੇ ਪਾਣੀਪਤ ਦੇ ਐਡੀਸ਼ਨਲ ਸਿਵਲ ਜੱਜ (ਸੀਨੀਅਰ ਡਵੀਜ਼ਨ)-ਕਮ-ਚੋਣ ਟ੍ਰਿਬਿਊਨਲ ਅੱਗੇ ਨਤੀਜੇ ਨੂੰ ਚੁਣੌਤੀ ਦਿੰਦੇ ਹੋਏ ਇੱਕ ਚੋਣ ਪਟੀਸ਼ਨ ਦਾਇਰ ਕੀਤੀ, ਜਿਸ ਨੇ 22 ਅਪ੍ਰੈਲ 2025 ਨੂੰ ਡਿਪਟੀ ਕਮਿਸ਼ਨਰ-ਕਮ-ਚੋਣ ਅਧਿਕਾਰੀ ਨੂੰ 7 ਮਈ, 2025 ਨੂੰ ਬੂਥ ਨੰਬਰ 69 ਦੀਆਂ ਵੋਟਾਂ ਦੀ ਮੁੜ ਗਿਣਤੀ ਦਾ ਹੁਕਮ ਦਿੱਤਾ।

ਹਾਲਾਂਕਿ ਚੋਣ ਟ੍ਰਿਬਿਊਨਲ ਦੇ ਇਸ ਹੁਕਮ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ 1 ਜੁਲਾਈ 2025 ਨੂੰ ਰੱਦ ਕਰ ਦਿੱਤਾ ਸੀ। ਹਾਈ ਕੋਰਟ ਦੇ ਹੁਕਮ ਤੋਂ ਨਿਰਾਸ਼ ਹੋ ਕੇ ਮੋਹਿਤ ਕੁਮਾਰ ਨੇ ਸੁਪਰੀਮ ਕੋਰਟ ਦਾ ਰੁਖ਼ ਕੀਤਾ, ਜਿਸ ਤੋਂ ਬਾਅਦ 31 ਜੁਲਾਈ ਨੂੰ ਸੁਪਰੀਮ ਕੋਰਟ ਨੇ ਈ ਵੀ ਐੱਮ ਅਤੇ ਹੋਰ ਰਿਕਾਰਡ ਪੇਸ਼ ਕਰਨ ਦਾ ਨਿਰਦੇਸ਼ ਦਿੱਤਾ ਅਤੇ ਸੁਪਰੀਮ ਕੋਰਟ ਦੇ ਇੱਕ ਰਜਿਸਟਰਾਰ ਵੱਲੋਂ ਸਿਰਫ ਇੱਕ ਬੂਥ ਦੀ ਬਜਾਏ ਸਾਰੇ ਬੂਥਾਂ ਦੀਆਂ ਵੋਟਾਂ ਦੀ ਮੁੜ ਗਿਣਤੀ ਦਾ ਹੁਕਮ ਦਿੱਤਾ ਗਿਆ। 6 ਅਗਸਤ 2025 ਨੂੰ ਓ ਐੱਸ ਡੀ (ਰਜਿਸਟਰਾਰ) ਕਾਵੇਰੀ ਨੇ ਸਾਰੇ ਬੂਥਾਂ (65 ਤੋਂ 70) ਦੀਆਂ ਵੋਟਾਂ ਦੀ ਮੁੜ ਗਿਣਤੀ ਕੀਤੀ ਅਤੇ ਇੱਕ ਰਿਪੋਰਟ ਪੇਸ਼ ਕੀਤੀ, ਜਿਸ ਵਿੱਚ ਕੁੱਲ 3767 ਵੋਟਾਂ ਵਿੱਚੋਂ ਪਟੀਸ਼ਨਰ ਮੋਹਿਤ ਕੁਮਾਰ ਨੂੰ 1051 ਵੋਟਾਂ ਮਿਲੀਆਂ, ਜਦੋਂ ਕਿ ਉਸ ਦੇ ਨਜ਼ਦੀਕੀ ਵਿਰੋਧੀ ਕੁਲਦੀਪ ਸਿੰਘ ਨੂੰ 1,000 ਵੋਟਾਂ ਮਿਲੀਆਂ।

ਹਾਈ ਕੋਰਟ ਦੇ ਫੈਸਲੇ ਨੂੰ ਰੱਦ ਕਰਦੇ ਹੋਏ ਸੁਪਰੀਮ ਕੋਰਟ ਨੇ ਕਿਹਾ, 'ਇਸ ਅਦਾਲਤ ਦੇ ਓ ਐੱਸ ਡੀ (ਰਜਿਸਟਰਾਰ) ਵੱਲੋਂ ਪੇਸ਼ ਕੀਤੀ ਗਈ ਰਿਪੋਰਟ 'ਤੇ ਸ਼ੱਕ ਕਰਨ ਦਾ ਕੋਈ ਮੁਢਲਾ ਕਾਰਨ ਨਹੀਂ ਹੈ, ਖਾਸ ਕਰਕੇ ਜਦੋਂ ਪੂਰੀ ਮੁੜ ਗਿਣਤੀ ਦੀ ਬਕਾਇਦਾ ਵੀਡੀਓਗ੍ਰਾਫੀ ਕੀਤੀ ਗਈ ਹੈ। ਇਸ ਦੇ ਨਤੀਜਿਆਂ 'ਤੇ ਪਾਰਟੀਆਂ ਦੇ ਨੁਮਾਇੰਦਿਆਂ ਦੁਆਰਾ ਦਸਤਖਤ ਕੀਤੇ ਗਏ ਹਨ ਕਿ ਅਸੀਂ ਸੰਤੁਸ਼ਟ ਹਾਂ ਕਿ ਅਪੀਲਕਰਤਾ (ਮੋਹਿਤ ਕੁਮਾਰ) 22.11.2022 ਨੂੰ ਹੋਈ ਚੋਣ ਵਿੱਚ ਗ੍ਰਾਮ ਪੰਚਾਇਤ ਬੁਆਨਾ ਲੱਖੂ ਜ਼ਿਲ੍ਹਾ ਪਾਣੀਪਤ ਹਰਿਆਣਾ ਦੇ ਚੁਣੇ ਹੋਏ ਸਰਪੰਚ ਵਜੋਂ ਐਲਾਨੇ ਜਾਣ ਦਾ ਹੱਕਦਾਰ ਹੈ।' ਹਾਲਾਂਕਿ, ਬੈਂਚ ਨੇ ਇਹ ਸਪੱਸ਼ਟ ਕੀਤਾ ਕਿ ਪਾਰਟੀਆਂ ਅਜੇ ਵੀ ਕਿਸੇ ਵੀ ਬਾਕੀ ਮੁੱਦੇ ਨੂੰ ਚੋਣ ਟ੍ਰਿਬਿਊਨਲ ਅੱਗੇ ਉਠਾ ਸਕਦੀਆਂ ਹਨ।

ਮੁੱਖ ਮੰਤਰੀ ਨੇ ਨਾਂਦੇੜ ਸਾਹਿਬ ਲਈ ਮਹਿਲਾ ਸਰਪੰਚਾਂ ਦੇ ਪਹਿਲੇ ਵਫ਼ਦ ਨੂੰ ਲਿਜਾ ਰਹੀ ਟਰੇਨ ਨੂੰ ਝੰਡੀ ਵਿਖਾ ਕੇ ਕੀਤਾ ਰਵਾਨਾ

ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਬੁੱਧਵਾਰ 500 ਮਹਿਲਾ ਸਰਪੰਚਾਂ ਅਤੇ ਪੰਚਾਂ ਦੇ ਪਹਿਲੇ ਵਫ਼ਦ ਨੂੰ ਮਹਾਰਾਸ਼ਟਰ ਲਿਜਾ ਰਹੀ ਟਰੇਨ ਨੂੰ ਝੰਡੀ ਵਿਖਾ ਕੇ ਰਵਾਨਾ ਕੀਤਾ। ਇਹ ਮਹਿਲਾ ਸਰਪੰਚ ਤੇ ਪੰਚ ਨਾਂਦੇੜ ਵਿਖੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨ ਕਰਨਗੇ ਅਤੇ ਮਹਿਲਾ ਪੰਚਾਇਤਾਂ ਦੇ ਕੌਮੀ ਸੰਮੇਲਨ ਵਿੱਚ ਵੀ ਸ਼ਿਰਕਤ ਕਰਨਗੇ।ਇੱਥੇ ਰੇਲਵੇ ਸਟੇਸ਼ਨ ਵਿਖੇ ਰੇਲ ਗੱਡੀ ਨੂੰ ਝੰਡੀ ਦਿਖਾਉਣ ਤੋਂ ਬਾਅਦ ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਤੋਂ 500 ਮਹਿਲਾ ਸਰਪੰਚਾਂ ਤੇ ਪੰਚਾਂ ਦਾ ਵਫ਼ਦ ਮਹਿਲਾ ਪੰਚਾਇਤਾਂ ਬਾਰੇ ਕੌਮੀ ਸੰਮੇਲਨ ਵਿੱਚ ਸ਼ਿਰਕਤ ਕਰਨ ਲਈ ਮਹਾਰਾਸ਼ਟਰ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਇਸ ਵਫ਼ਦ ਵਿੱਚ ਚੰਗੀ ਕਾਰਗੁਜ਼ਾਰੀ ਵਾਲੀਆਂ ਪੰਚਾਇਤਾਂ ਦੇ ਨੁਮਾਇੰਦੇ ਸ਼ਾਮਲ ਹਨ।ਇਸ ਦੌ

14-AUG-PAGE-1.qxd 8/13/2025 9:11 PM Page 2

ਪੰਜਾਬ ਸਰਕਾਰ ਦਾ ਇਤਿਹਾਸਕ ਕਦਮ, 44 ਪਿੰਡ ਜਲਾਲਾਬਾਦ ਬਲਾਕ 'ਚ ਸ਼ਾਮਲ

ਜਲਾਲਾਬਾਦ (ਜੀਤ ਕੁਮਾਰ)- ਜਲਾਲਾਬਾਦ ਹਲਕੇ ਦੀ ਇੱਕ ਵੱਡੀ ਸਮੱਸਿਆ ਜੋ ਪਿਛਲੀਆਂ ਸਰਕਾਰਾਂ ਨੇ ਪੈਦਾ ਕੀਤੀ ਅਤੇ ਫਿਰ ਵੱਡੇ ਲੋਕਾਂ ਦੇ ਇੱਥੋਂ ਰਾਜਨੀਤੀ ਕਰਦੇ ਰਹਿਣ ਦੇ ਬਾਵਜੂਦ ਇਸ ਸਮੱਸਿਆ ਨੂੰ ਹੱਲ ਨਹੀਂ ਕੀਤਾ, ਉਸ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਨੇ ਹੱਲ ਕਰ ਦਿੱਤਾ ਹੈ। ਹਲਕੇ ਦੇ 44 ਪਿੰਡ ਜੋ ਕਿ ਗੁਰੂਹਰਸਹਾਏ ਬਲਾਕ ਵਿਚ ਸ਼ਾਮਲ ਹੋ ਕੇ ਫਿਰੋਜ਼ਪੁਰ ਜ਼ਿਲ੍ਹੇ ਦਾ ਹਿੱਸਾ ਸਨ, ਉਨ੍ਹਾਂ ਨੂੰ ਪੰਜਾਬ ਸਰਕਾਰ ਨੇ ਜਲਾਲਾਬਾਦ ਬਲਾਕ ਨਾਲ ਜੋੜ ਦਿੱਤਾ ਹੈ। ਇਹ ਸੰਭਵ ਹੋਇਆ ਹੈ ਜਦੋਂ ਇਕ ਆਮ ਪਰਵਾਰ ਤੋਂ ਜਗਦੀਪ ਕੰਬੋਜ ਗੋਲਡੀ ਵਿਧਾਇਕ ਬਣੇ ਅਤੇ ਉਨ੍ਹਾਂ ਨੇ ਲੋਕਾਂ ਦੀ ਇਹ ਮੰਗ ਨਿੱਜੀ ਮੁਫ਼ਾਦਾਂ ਤੋਂ ਉਪਰ ਉਠ ਕੇ ਪ੍ਰਭਾਵੀ ਤਰੀਕੇ ਨਾਲ ਸਰਕਾਰ ਤੱਕ ਰੱਖੀ। ਜਲਾਲਾਬਾਦ ਦੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਕਿਹਾ ਕਿ ਇਸ ਸਬੰਧੀ ਪੰਜਾਬ ਸਰਕਾਰ ਵੱਲੋਂ ਬਕਾਇਦਾ ਨੋਟੀਫਿਕੇਸ਼ਨ ਵੀ ਜਾਰੀ ਕਰ ਦਿੱਤਾ ਹੈ। ਉਨ੍ਹਾਂ ਨੇ ਇਸ ਲਈ ਮੁੱਖ ਮੰਤਰੀ ਮਾਨ ਦਾ ਵਿਸੇਸ਼ ਤੌਰ 'ਤੇ ਧੰਨਵਾਦ ਕੀਤਾ।

ਵਿਧਾਇਕ ਗੋਲਡੀ ਨੇ ਕਿਹਾ ਕਿ ਪਹਿਲਾਂ ਇਨ੍ਹਾਂ 44 ਪਿੰਡਾਂ ਦੇ ਲੋਕ ਬਹੁਤ ਪ੍ਰੇਸ਼ਾਨ ਸਨ ਅਤੇ ਦੋ ਜ਼ਿਲ੍ਹਿਆਂ ਵਿਚ ਵੰਡੇ ਹੋਏ ਸਨ। ਇਸ ਕਾਰਨ ਜਿੱਥੇ ਆਮ ਲੋਕ ਪ੍ਰੇਸ਼ਾਨ ਸਨ ਉਥੇ ਹੀ ਪ੍ਰਸ਼ਾਸਨਕ ਪੱਧਰ 'ਤੇ ਵੀ ਕਈ ਉਲਝਣਾਂ ਸਨ ਜਿਸ ਕਾਰਨ ਇਨ੍ਹਾਂ 44 ਪਿੰਡਾਂ ਵਿਚ ਪੇਂਡੂ ਵਿਕਾਸ ਨਾਲ ਸਬੰਧਤ ਪ੍ਰੋਜੈਕਟਾਂ ਨੂੰ ਲਾਗੂ ਕਰਨ ਵਿਚ ਦਿੱਕਤ ਆਉਂਦੀ ਸੀ। ਇਸ ਤੋਂ ਬਿਨਾਂ ਇਹ ਪਿੰਡ ਭੌਤਿਕ ਤੌਰ ਤੇ ਜਲਾਲਾਬਾਦ ਦੇ ਨੇੜੇ ਹਨ ਪਰ ਇਨ੍ਹਾਂ ਨੂੰ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਵੱਲੋਂ ਗੁਰੂ ਹਰਸਹਾਏ ਬਲਾਕ ਨਾਲ ਜੋੜਿਆ ਹੋਇਆ ਸੀ। ਇਸੇ ਤਰ੍ਹਾਂ ਇਹ ਪਿੰਡਾਂ ਦੇ ਲੋਕ ਪ੍ਰਭਾਵਿਤ ਹੋ ਰਹੇ ਸਨ ਅਤੇ ਲੰਬੇ ਸਮੇਂ ਤੋਂ ਜਲਾਲਾਬਾਦ ਬਲਾਕ ਨਾਲ ਜੋੜੇ ਜਾਣ ਦੀ ਮੰਗ ਕਰ ਰਹੇ ਸਨ।

ਜਲੰਧਰ, ਪਟਿਆਲਾ ਤੇ ਫ਼ਿਰੋਜ਼ਪੁਰ 'ਚ ਅੱਜ ਹੋਣਗੇ ਵਿਰੋਧ ਪ੍ਰਦਰਸ਼ਨ

ਮੋਗਾ (ਇਕਬਾਲ ਸਿੰਘ ਖਹਿਰਾ) ਭਾਰਤ ਦੇ ਆਜ਼ਾਦੀ ਦਿਹਾੜੇ ਮੌਕੇ ਦਲ ਖ਼ਾਲਸਾ ਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਸਾਂਝੇ ਤੌਰ 'ਤੇ ਪੰਜਾਬ ਦੇ ਤਿੰਨ ਸ਼ਹਿਰਾਂ ਵਿੱਚ ਵਿਰੋਧ ਪ੍ਰਦਰਸ਼ਨ ਕੀਤਾ ਜਾਵੇਗਾ।ਇਸ ਸਬੰਧੀ ਗੁਰਦੁਆਰਾ ਅਕਾਲਗੜ੍ਹ ਛਾਉਣੀ ਨਿਹੰਗ ਸਿੰਘਾਂ ਵਿਖੇ ਜ਼ਿਲ੍ਹਾ ਪ੍ਰਧਾਨ ਸਾਰਜ ਸਿੰਘ ਬ੍ਰਹਿਮਕੇ ਦੀ ਪ੍ਰਧਾਨਗੀ ਹੇਠ ਜਥੇਬੰਦੀ ਦੇ ਅਹੁਦੇਦਾਰਾਂ ਤੇ ਮੈਂਬਰਾਂ ਦੀ ਇਕੱਤਰਤਾ ਹੋਈ। ਇਕੱਤਰਤਾ ਦੀ ਕਾਰਵਾਈ ਸੁਰਜੀਤ ਸਿੰਘ ਖਾਲਿਸਤਾਨੀ ਮੈਂਬਰ ਅਗਜ਼ੈਕਟਿਵ ਕਮੇਟੀ ਪੰਜਾਬ ਵੱਲੋਂ ਚਲਾਈ ਗਈ ਤੇ ਅਮਰਜੀਤ ਸਿੰਘ ਡਾਲਾ, ਜਗਜੀਤ ਸਿੰਘ ਖੋਸਾ ਮੈਂਬਰ ਅਗਜ਼ੈਕਟਿਵ ਕਮੇਟੀ ਪੰਜਾਬ, ਜਗਸੀਰ ਸਿੰਘ ਇੰਦਗੜ੍ਹ, ਹਰਭਿੰਦਰ ਸਿੰਘ ਨੰਬਰਦਾਰ ਵੀ ਉਚੇਚੇ ਤੌਰ 'ਤੇ ਮੌਜੂਦ ਰਹੇ।ਇਸ ਮੌਕੇ ਆਜ਼ਾਦੀ ਪਸੰਦ ਗੁਰਸਿੱਖ ਬੁਲਾਰਿਆਂ ਨੇ ਪਿਛਲੇ ਸੱਤ ਦਹਾਕਿਆਂ ਦੇ ਸਮੇਂ ਨੂੰ ਸੋਸ਼ਣ, ਬੇਇਨਸਾਫ਼ੀ, ਜ਼ਲਾਲਤ ਤੇ ਗ਼ੁਲਾਮੀ ਦੇ ਸਾਲ ਦੱਸਦਿਆਂ ਕਿਹਾ ਕਿ ਉਨ੍ਹਾਂ ਦੀਆਂ ਜਥੇਬੰਦੀਆਂ ਦੇ ਆਗੂ ਅਤੇ ਸਰਗਰਮ ਮੈਂਬਰ ਜਲੰਧਰ, ਫ਼ਿਰੋਜ਼ਪੁਰ ਤੇ ਪਟਿਆਲਾ ਦੀਆਂ ਸੜਕਾਂ ਉਤੇ 14 ਅਗਸਤ ਨੂੰ ਰੋਸ ਪ੍ਰਦਰਸ਼ਨ ਕਰਦਿਆਂ ਮਾਰਚ ਕਰਨਗੇ। 15 ਅਗਸਤ ਦਾ ਬਾਈਕਾਟ ਦਾ ਸੱਦਾ ਦਿੰਦਿਆਂ ਉਨ੍ਹਾਂ ਭਾਰਤੀ ਆਜ਼ਾਦੀ ਦਿਹਾੜੇ ਨੂੰ ਪੰਜਾਬ ਲਈ ਕਾਲਾ ਦਿਨ ਕਰਾਰ ਦਿੱਤਾ।ਸੁਰਜੀਤ ਸਿੰਘ ਖਾਲਿਸਤਾਨੀ ਤੇ ਅਮਰਜੀਤ ਸਿੰਘ ਡਾਲਾ ਨੇ ਵਿਰੋਧ ਦੇ ਕਾਰਨਾਂ ਦਾ ਖੁਲਾਸਾ ਕਰਦਿਆਂ ਕਿਹਾ ਕਿ ਬੀਤੇ ਸਮੇਂ ਤੋਂ ਦਿੱਲੀ ਵੱਲੋਂ ਪੰਜਾਬ ਨੂੰ

ਹਿੰਦ-ਪਾਕਿ ਜੰਗ ਦਾ ਅਖਾੜਾ ਬਣਾਉਣ, ਅੰਨ੍ਹਾ ਪੁਲਸ ਤਸ਼ਦੱਦ, ਫ਼ਰਜ਼ੀ ਪੁਲਸ ਮੁਕਾਬਲਿਆਂ ਰਾਹੀਂ ਸਿੱਖ ਨੌਜਵਾਨਾਂ ਦੀ ਕੀਤੀ ਨਸਲਕੁਸ਼ੀ, ਪੰਜਾਬ ਦੀਆਂ ਜਮੀਨਾਂ ਹੜੱਪਣ ਲਈ ਬਣਾਏ ਕਾਲੇ ਕਾਨੂੰਨ ਅਤੇ ਪੰਜਾਬ ਦੇ ਪਾਣੀ ਹਥਿਆਉਣ ਲਈ ਵਰਤੇ ਜਾਂਦੇ ਹਥਕੰਡੇ ਘੱਟ-ਗਿਣਤੀ ਕੌਮਾਂ ਖ਼ਿਲਾਫ ਕਾਨੂੰਨ ਦੀ ਦੁਰਵਰਤੋਂ, ਸਜ਼ਾਵਾਂ ਪੂਰੀਆਂ ਕਰ ਚੁੱਕੇ ਨਜ਼ਰਬੰਦਾਂ ਨੂੰ ਰਿਹਾਅ ਨਾ ਕਰਨ, ਇੰਡੀਅਨ ਸਟੇਟ ਵੱਲੋਂ ਗੈਂਗਸਟਰਾਂ ਦੀ ਪੁਸ਼ਤਪਨਾਹੀ ਤੇ ਉਨ੍ਹਾਂ ਨੂੰ ਸਿੱਖ ਸੰਘਰਸ਼ ਨਾਲ ਰਲਗੱਡ ਕਰਨ ਦੀਆਂ ਨਾਪਾਕ ਚਾਲਾਂ ਤੇ ਖ਼ਾਲਿਸਤਾਨੀ ਸਿੱਖਾਂ ਦੇ ਵਿਦੇਸ਼ਾਂ ਅੰਦਰ ਗੈਰ-ਸੰਵਿਧਾਨਕ ਤੇ ਗ਼ੈਰ-ਕਾਨੂੰਨੀ ਕਤਲ ਆਦਿ ਸ਼ਾਮਲ ਹਨ। ਦਲ ਖਾਲਸਾ ਦੇ ਜ਼ਿਲ੍ਹਾ ਪ੍ਰਧਾਨ ਸਾਰਜ ਸਿੰਘ ਬਹਿਰਾਮ ਤੇ ਜਗਸੀਰ ਸਿੰਘ ਇੰਦਗੜ੍ਹ ਨੇ ਕਿਹਾ ਕਿ ਜੰਮੂ-ਕਸ਼ਮੀਰ ਦੇ ਲੈਫਟੀਨੈਂਟ ਗਵਰਨਰ ਵੱਲੋਂ ਪ੍ਰਸਿੱਧ ਲੇਖਕਾਂ, ਬੁੱਧੀਜੀਵੀਆਂ ਤੇ ਇਤਿਹਾਸਕਾਰਾਂ ਦੁਆਰਾ ਲਿਖੀਆਂ 25 ਕਿਤਾਬਾਂ 'ਤੇ ਪਾਬੰਦੀ ਲਾਉਣ ਦੇ ਜਾਰੀ ਹੁਕਮਾਂ ਨੂੰ ਫਾਸ਼ੀਵਾਦੀ ਕਰਾਰ ਦਿੰਦੇ ਹੋਏ ਆਗੂਆਂ ਨੇ ਹੈਰਾਨੀ ਪ੍ਰਗਟ ਕੀਤੀ ਕਿ ਭਾਰਤ ਕਿਸ ਤਰ੍ਹਾਂ ਦਾ ਲੋਕਤੰਤਰ ਹੈ, ਜਿੱਥੇ ਹੁਕਮਰਾਨਾਂ ਨੂੰ ਸ਼ਬਦਾਂ ਤੇ ਕਿਤਾਬਾਂ ਤੋਂ ਵੀ ਡਰ ਲੱਗਦਾ ਹੈ। ਜਗਜੀਤ ਸਿੰਘ ਖੋਸਾ ਨੇ ਦੱਸਿਆ ਕਿ ਦਲ ਖਾਲਸਾ ਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਫ਼ਿਰੋਜ਼ਪੁਰ ਵਾਲੇ ਪ੍ਰੋਫ਼ੈਸਰ ਮਾਰਚ ਵਿੱਚ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਤੇ ਫੈਡਰੇਸ਼ਨ ਮਹਿਤਾ ਤੇ ਹੋਰ ਸਿੱਖ ਜਥੇਬੰਦੀਆਂ ਵੀ ਸ਼ਾਮਲ ਹੋਣਗੀਆਂ।ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਆਗੂ ਲਖਬੀਰ ਸਿੰਘ ਮਹਾਲਮ, ਜਸਪਾਲ ਸਿੰਘ ਜ਼ਿਲ੍ਹਾ ਪ੍ਰਧਾਨ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਅਤੇ ਮਹਿਤਾ ਫੈਡਰੇਸ਼ਨ ਦੇ ਆਗੂ ਜਸਪਾਲ ਸਿੰਘ ਬਲਕਾਰ ਸਿੰਘ ਵੱਲੋਂ ਇਸ ਰੋਸ ਪ੍ਰਦਰਸ਼ਨ ਦੀ ਰੂਪ ਰੇਖਾ ਉਲੀਕੀ ਗਈ।

ਯੂ ਟਰਨ ਲੈਣਾ ਆਮ ਆਦਮੀ ਪਾਰਟੀ ਦੀ ਆਦਤ : ਗਿੱਲ ਬੇਰ ਕਲਾਂ

ਦੋਰਾਹਾ (ਹਰਮਿੰਦਰ ਸੇਠ) ਬਲਾਕ ਕਾਂਗਰਸ ਮਲੋਦ ਦੇ ਪ੍ਰਧਾਨ ਤੇ ਬਲਾਕ ਸੰਮਤੀ ਮੈਂਬਰ ਗੁਰਮੇਲ ਸਿੰਘ ਗਿੱਲ ਬੇਰਕਲਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਭੰਡਾਂ ਤੇ ਚੁਟਕਲੇਬਾਜ਼ ਲੋਕਾ ਦਾ ਟੋਲਾ ਹੈ। ਪਹਿਲਾ

ਆਮ ਆਦਮੀ ਪਾਰਟੀ ਨੇ ਕਿਸਾਨਾਂ ਨੂੰ ਉਜਾੜਨ ਲਈ ਧੱਕੇ ਨਾਲ ਉਨ੍ਹਾਂ ਦੀਆਂ ਜ਼ਮੀਨਾਂ ਖੋਹਣ ਲਈ ਕਾਲੇ ਕਾਨੂੰਨਾਂ ਨਾਲੋਂ ਵੀ ਮਾੜਾ ਬਿੱਲ ਲੈ ਕੇ ਆਏ, ਪਰ ਕਾਂਗਰਸ ਪਾਰਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਬੜਿੰਗ ਵੱਲੋਂ ਕਿਸਾਨ ਵਰਗ ਦੇ ਹੱਕ ਵਿੱਚ ਲਾਏ ਜਾ ਰਹੇ ਰੋਸ ਧਰਨਾ ਕਾਰਨ ਹੀ ਆਮ ਆਦਮੀ ਪਾਰਟੀ ਨੂੰ ਯੂ ਟਰਨ ਲੈਣਾ ਪਿਆ, ਹੁਣ ਤਾਂ ਇੰਝ ਪ੍ਰਤੀਤ ਹੁੰਦਾ ਕਿ ਆਪ ਵਿੱਚ ਸਾਰੇ ਆਗੂ ਹੀ ਸਟੇਟ ਨਹੀਂ ਸਟੇਜ ਚਲਾ ਰਹੇ ਹਨ। ਪ੍ਰਧਾਨ ਗਿੱਲ ਬੇਰਕਲਾਂ ਨੇ ਕਿਹਾ ਕਿ ਬਦਲਾਅ ਵਾਲੀ ਸਰਕਾਰ ਨਾ ਨਸ਼ਿਆਂ ਦਾ ਖਾਤਮਾ ਕਰ ਸਕੀ, ਨਾ ਹੀ ਸਾਫ ਸੁਥਰਾ ਪ੍ਰਸ਼ਾਸਨ ਦੇ ਸਕੀ, ਸਗੋਂ ਕਾਂਗਰਸ ਦੀ ਸਰਕਾਰ ਸਮੇਂ ਲੋੜਵੰਦ ਲੋਕਾਂ ਨੂੰ ਮਿਲ ਰਹੀ ਕਣਕ ਵੀ ਆਪ ਨੇ ਬੰਦ ਕਰ ਦਿੱਤੀ, ਜਿਸ ਤੋਂ ਸਾਬਤ ਹੁੰਦਾ ਹੈ ਕਿ ਇਹ ਸਰਕਾਰ ਗਰੀਬ ਵਿਰੋਧੀ ਹੈ।

ਐਡਵੋਕੇਟ ਭੰਗਾਲ ਦੀ ਅਗਵਾਈ 'ਚ ਮਾਰਕੀਟ ਕਮੇਟੀ 'ਚ ਪੌਦੇ ਲਾਏ

ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ) ਮਾਰਕੀਟ ਕਮੇਟੀ ਦੇ ਚੇਅਰਮੈਨ ਐਡਵੋਕੇਟ ਹਰਦੀਪ ਸਿੰਘ ਭੰਗਾਲ ਤੇ ਸੈਕਟਰੀ ਅਨਿਲ ਖੁੰਗਰ ਵੱਲੋਂ ਮਾਰਕੀਟ ਕਮੇਟੀ ਦੀ ਹਦੂਦ ਅੰਦਰ ਛਾਂਦਾਰ ਪੌਦੇ ਲਾਏ ਗਏ।ਚੇਅਰਮੈਨ ਐਡਵੋਕੇਟ ਹਰਦੀਪ ਸਿੰਘ ਭੰਗਾਲ ਨੇ ਦੱਸਿਆ ਕਿ ਅੱਜ ਤੋਂ ਇਹ ਪੌਦੇ ਲਾਏ ਗਏ ਹਨ, ਉਨ੍ਹਾਂ ਦੀ ਸਾਂਭ ਸੰਭਾਲ ਦੀ ਜ਼ਿੰਮੇਦਾਰੀ ਵੀ ਮਾਰਕੀਟ ਕਮੇਟੀ ਦੇ ਕ੍ਰਮਚਾਰੀਆਂ ਦੀ

ਹੋਵੇਗੀ।ਉਨ੍ਹਾਂ ਕਿਹਾ ਕਿ ਅਕਸਰ ਹੀ ਦੇਖਣ ਨੂੰ ਮਿਲਦਾ ਹੈ ਕਿ ਲੋਕ ਪੌਦੇ ਤਾਂ ਲਗਾ ਦਿੰਦੇ ਹਨ, ਪਰ ਉਨ੍ਹਾਂ ਦੀ ਬਾਅਦ ਵਿਚ ਸਾਂਭ ਸੰਭਾਲ ਕੋਈ ਨਹੀਂ ਕਰਦਾ, ਜਿਸ ਕਰਕੇ ਉਹ ਖਰਾਬ ਹ�ो ਜਾਂਦੇ ਹਨ।ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜੇਕਰ ਅਸੀ ਪੌਦੇ ਲਾਉਂਦੇ ਹਾਂ ਤਾਂ ਉਨ੍ਹਾਂ ਦੀ ਸਾਂਭ-ਸੰਭਾਲ ਦੀ ਜ਼ਿੰਮੇਦਾਰੀ ਵੀ ਸਾਡੀ ਹੀ ਬਣਦੀ ਹੈ ਤੇ ਸਾਨੂੰ ਉਸ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਇਸ ਮੌਕੇ ਮਾਰਕੀਟ ਕਮੇਟੀ ਦੇ ਸੈਕਟਰੀ ਅਨਿਲ ਖੁੰਗਰ ਨੇ ਕਿਹਾ ਕਿ ਪੌਦੇ ਲਾਉਣ ਦਾ ਮੁੱਖ ਉਦੇਸ਼ ਵਾਤਾਵਰਣ ਨੂੰ ਸੁਧਾਰਨਾ ਤੇ ਪ੍ਰਕ੍ਰਿਤੀ ਨਾਲ ਸਹੀ ਸੰਬੰਧ ਸਥਾਪਤ ਕਰਨਾ ਹੈ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀਆਂ ਨਾਲ ਨਾ ਸਿਰਫ਼ ਸਾਡੀ ਵਾਤਾਵਰਣ ਸੁਰੱਖਿਅਤ ਰਹੇਗੀ, ਸਗੋਂ ਸਮਾਜ ਵਿੱਚ ਹਰ ਹਿੱਸੇਦਾਰ ਨੂੰ ਪ੍ਰਕ੍ਰਿਤੀ ਤੇ ਸਥਿਰਤਾ ਦੇ ਨਾਲ ਖੁਸ਼ਹਾਲ ਜੀਵਨ ਜੀਉਣ ਦਾ ਮੌਕਾ ਮਿਲੇਗਾ।

ਮੈਡੀਕਲ ਪ੍ਰੈਕਟੀਸ਼ਨਰਾਂ ਵੱਲੋਂ ਰੈਲੀ 'ਚ ਭਰਵੇਂ ਸਹਿਯੋਗ ਦਾ ਧੰਨਵਾਦ

ਬੱਧਨੀ ਕਲਾਂ (ਲਵਲੀ ਕੁਮਾਰ) ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ ਜ਼ਿਲ੍ਹਾ ਮੋਗਾ ਦੇ ਸੀਨੀਅਰ ਮੀਤ ਪ੍ਰਧਾਨ ਅਜੀਤ ਸਿੰਘ ਜਨੇਰ ਬਲਾਕ ਪ੍ਰਧਾਨ ਹਰਮੀਤ ਸਿੰਘ ਲਾਡੀ ਧਰਮਕੋਟ ਨੇ ਜਨਤਕ ਤੇ ਜਮਹੂਰੀ ਜਥੇਬੰਦੀਆਂ ਵੱਲੋਂ ਆਦਿ ਵਾਸੀਆਂ 'ਤੇ ਹੋ ਰਹੇ ਜਬਰ ਜ਼ੁਲਮ, ਕਤਲੇਆਮ ਵਿਰੁੱਧ ਕੀਤੀ ਇਨਸਾਫ਼ ਰੈਲੀ ਵਿੱਚ ਸ਼ਾਮਲ ਹੋਣ ਤੇ ਮੈਡੀਕਲ ਕੈਂਪ ਲਾਉਣ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਸੂਬਾ ਪ੍ਰਧਾਨ ਧੰਨਾ ਮੱਲ ਗੋਇਲ ਮਾਨਸਾ ਦੇ

ਦਿਸ਼ਾ-ਨਿਰਦੇਸ਼ ਤਹਿਤ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ ਭਰਾਤਰੀ ਜਥੇਬੰਦੀਆਂ ਵੱਲੋਂ ਪੰਜਾਬ ਪੱਧਰ 'ਤੇ ਸਥਾਨਕ ਪੱਧਰ 'ਤੇ ਘੋਲਾਂ 'ਚ ਸ਼ਮੂਲੀਅਤ ਕਰਕੇ ਤੇ ਮੈਡੀਕਲ ਕੈਂਪ ਲਾ ਕੇ ਸਹਿਯੋਗ ਕਰਦੀ ਰਹੀ ਹੈ।ਕਰੋਨਾ ਕਾਲ ਤਿੰਨ ਕਾਲੇ ਖੇਤੀ ਕਾਨੂੰਨਾਂ ਖਿਲਾਫ਼ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਸੰਘਰਸ਼ਾਂ ਤੋਂ ਦਿੱਲੀ ਬਾਰਡਰ ਤੇ ਚੱਲੇ ਸੰਘਰਸ਼ਾਂ ਵਿੱਚ ਵਿੱਤ ਮੁਤਾਬਕ ਸ਼ਮੂਲੀਅਤ ਕਰਕੇ ਮੁਫ਼ਤ ਮੈਡੀਕਲ ਕੈਂਪ ਲਾ ਕੇ ਆਪਣਾ ਯੋਗਦਾਨ ਪਾਇਆ ਹੈ। ਉਨ੍ਹਾਂ ਪੰਜਾਬ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਪਾਰਟ ਟਾਈਮ ਟ੍ਰੇਨਿੰਗ ਦੇ ਕੇ ਮੁੱਢਲੀਆਂ ਸਿਹਤ ਸੇਵਾਵਾਂ ਦੀ ਕਾਨੂੰਨੀ ਮਾਨਤਾ ਦਿੱਤੀ ਜਾਵੇਗੀ।

ਅਸ਼ਵਨੀ ਸ਼ਰਮਾ ਦੀ ਪ੍ਰਧਾਨਗੀ ਹੇਠ ਬੀ ਜੇ ਪੀ ਪੰਜਾਬ ਦੀ ਮੀਟਿੰਗ

ਦੋਰਾਹਾ (ਹਰਮਿੰਦਰ ਸੇਠ)- ਬੀ ਜੇ ਪੀ ਪੰਜਾਬ ਦੇ ਮੀਤ ਪ੍ਰਧਾਨਬਿਕਰਮਜੀਤ ਸਿੰਘ ਚੀਮਾ ਅਤੇ ਪ੍ਰੋ ਭੁਪਿੰਦਰ ਸਿੰਘ ਚੀਮਾ ਜ਼ਿਲ੍ਹਾ ਪ੍ਰਧਾਨ ਬੀ ਜੇ ਪੀ ਦੀ ਸੁਚੱਜੀ ਅਗਵਾਈ ਹੇਠ ਸਰਪੰਚ ਬਲਜੀਤ ਸਿੰਘ ਮੰਜਾਲੀ, ਮਿੰਦੀ ਅਤੇ ਸਾਥੀ ਬੀ ਜੇ ਪੀ ਵਿੱਚ ਸ਼ਾਮਲ ਹੋਏ ਅਤੇ ਇਸ ਮੌਕੇ ਸਮਰਾਲਾ ਚਾਹਲਾਂ ਤੋਂ ਨਿਸ਼ੂ ਅਤੇ ਆਸ਼ੂ ਨੂੰ ਵੀ ਆਸ਼ੀਰਵਾਦ ਦਿੱਤਾ ਅਤੇ ਤਕੜੇ ਹੋ ਕੇ ਪਾਰਟੀ ਲਈ ਕੰਮ ਕਰਨ ਨੂੰ ਕਿਹਾ। ਇਸ ਮੌਕੇ ਪਾਰਟੀ 'ਚ ਸ਼ਾਮਲ ਹੋਏ ਬਲਜੀਤ ਸਿੰਘ ਮਜਾਲੀ ਅਤੇ ਸਾਥੀਆਂ ਨੇ ਇਸ ਮੌਕੇ ਤੇ ਕਿਹਾ ਕਿ ਅਸੀਂ ਬੀ ਜੇ ਪੀ ਦੀ ਚੜ੍ਹਦੀ ਕਲਾ ਲਈ ਦਿਨ ਰਾਤ ਇੱਕ ਹੋ ਕੇ ਕੰਮ ਕਰਾਂਗੇ ਜੋ

ਅਗਲੀ ਸਰਕਾਰ ਪੰਜਾਬ ਵਿੱਚ ਬਣੇਗੀ ਉਹ ਬੀ ਜੇ ਪੀ ਦੀ ਹੀ ਬਣੇਗੀ। ਇਸ ਮੌਕੇ ਇਕਬਾਲ ਸਿੰਘ ਚੰਨੀ ਬੁਲਾਰੇ ਬੀ ਜੇ ਪੀ, ਮਹਾ ਮੰਤਰੀ ਬਲਰਾਮ ਸ਼ਰਮਾ ਮੰਡਲ ਪ੍ਰਧਾਨ ਜਗਤਾਰ ਸਿੰਘ ਕੁਕਾ, ਸੰਦੀਪ ਭਾਰਤੀ, ਕੁਲਜੀਤ ਸਿੰਘ, ਕਾਕਾ ਬਲਜੀਤ ਸਿੰਘ, ਸਰਪ੍ਰੀਤ ਸਿੰਘ, ਭਰਪੂਰ ਸਿੰਘ, ਪ੍ਰੋ ਭੁਪਿੰਦਰ ਸਿੰਘ ਚੀਮਾ ਬੁਲਾਰਾ ਤੇ ਜ਼ਿਲ੍ਹਾ ਪ੍ਰਧਾਨ ਬੀ ਜੇ ਪੀ ਲੁਧਿਆਣਾ, ਇਹਨਾਂ ਤੋਂ ਇਲਾਵਾ ਬੀ ਜੇ ਪੀ ਦੇ ਲੀਡਰ ਤੇ ਵਰਕਰ ਵੀ ਇਸ ਮੌਕੇ ਹਾਜ਼ਰ ਸਨ।

ਮੀਡੀਆ ਕਲੱਬ ਪਾਤੜਾਂ ਦੇ ਨਵੇਂ ਚੁਣੇ ਗਏ ਅਹੁਦੇਦਾਰਾਂ ਦਾ ਸਨਮਾਨ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)- ਸਬ ਡਵੀਜ਼ਨ ਪਾਤੜਾਂ ਦੇ ਵੱਖ ਵੱਖ ਸਟੇਸ਼ਨਾਂ ਤੋਂ ਅਖਬਾਰਾਂ ਤੇ ਚੈਨਲਾਂ ਦੇ ਪੱਤਰਕਾਰਾਂ ਦੀ ਸਿਰਮੌਰ ਜਥੇਬੰਦੀ ਮੀਡੀਆ ਕਲੱਬ ਪਾਤੜਾਂ ਦੇ ਅਹੁਦੇਦਾਰਾਂ ਦੀ ਹੋਈ ਚੋਣ ਦੌਰਾਨ ਨਵੇਂ ਬਣੇ ਗਏ ਅਹੁਦੇਦਾਰਾਂ ਦਾ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪ੍ਰਬੰਧਕ ਕਮੇਟੀ ਵੱਲੋਂ ਪ੍ਰਧਾਨ ਕਰਮਜੀਤ ਸਿੰਘ ਕਾਲੇਕਾ ਅਤੇ ਗੁਰੂ ਤੇਗ ਬਹਾਦਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਪਾਤੜਾਂ ਦੇ ਮੈਨੇਜਮੈਂਟ ਟਰੱਸਟ ਦੇ ਚੇਅਰਮੈਨ



ਸੁਖਜੀਤ ਸਿੰਘ ਹੈਪੀ ਕਾਲੇਕਾ ਦੀ ਅਗਵਾਈ ਵਿੱਚ ਵਿਸ਼ੇਸ਼ ਤੌਰ 'ਤੇ ਸਨਮਾਨ

14-Aug-PAGE-3.qxd 8/13/2025 10:29 PM Page 1

ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਕਿਸਾਨਾਂ ਨੇ ਮੋਦੀ ਤੇ ਟਰੰਪ ਦਾ ਪੁਤਲਾ ਫੂਕਿਆ

ਵਲਟੋਹਾ (ਰਣਜੀਤ ਸਿੰਘ ਵਲਟੋਹਾ)

ਸੰਯੁਕਤ ਕਿਸਾਨ ਮੋਰਚਾ ਭਾਰਤ ਦੇ ਸੱਦੇ ਤੇ ਸਾਰੇ ਦੇਸ਼ ਵਿੱਚ ਥਾਂ ਥਾਂ ਤੇ ਕਿਸਾਨਾਂ ਨੇ ਅਮਰੀਕੀ ਰਾਸ਼ਟਰਪਤੀ ਟਰੰਪ ਅਤੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੁਤਲੇ ਫੂਕੇ।ਵਲਟੋਹਾ ਵਿਖੇ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਜ਼ਿਲ੍ਹਾ ਪ੍ਰਧਾਨ ਦਲੇਰ ਸਿੰਘ ਰਾਜੋਕੇ, ਡਾਕਟਰ ਸੁਖਵੰਤ ਸਿੰਘ ਵਲਟੋਹਾ ਤੇ ਕਿਸਾਨ ਸਭਾ ਦੇ ਜ਼ਿਲ੍ਹਾ ਮੀਤ ਪ੍ਰਧਾਨ ਰਣਜੀਤ ਸਿੰਘ ਬਹਾਦਰ ਨਗਰ ਦੀ ਅਗਵਾਈ ਵਿੱਚ ਪੁਤਲੇ ਫੂਕੇ ਗਏ। ਆਗੂਆਂ ਨੇ ਕਿਹਾ ਕਿ ਟਰੰਪ ਤੇ ਮੋਦੀ ਕਾਰਪੋਰੇਟ ਘਰਾਣਿਆਂ ਨੂੰ ਫਾਇਦਾ ਦੇਣ ਲਈ ਮਿਹਨਤਕਸ਼ ਜਨਤਾ ਦਾ ਗਲਾ ਘੁੱਟਣ ਲਈ ਕਾਹਲੇ ਹਨ। ਇਨ੍ਹਾਂ ਦੀ ਯਾਰੀ ਅੱਜ ਦੇਸ਼ ਨੂੰ ਤਬਾਹ ਕਰਨ ਤੇ ਤੁੱਲੀ ਹੋਈ ਹੈ। ਟਰੰਪ ਵੱਲੋਂ ਮੋਦੀ 'ਤੇ ਦਬਾਅ ਪਾ ਕੇ ਅਮਰੀਕਾ ਦੇ ਹਿੱਤਾਂ ਨੂੰ ਪੂਰਨ ਵਾਲੇ ਟਰੇਡ ਲਈ ਮਨਾਇਆ ਜਾ ਰਿਹਾ ਜਿਸ ਵਿੱਚ ਭਾਰਤ ਤੇ ਪੰਜਾਬ ਦੇ ਕਿਸਾਨਾਂ ਦਾ ਸਿੱਧਾ ਸਿੱਧਾ ਘਾਟਾ ਹੈ।ਜੇ ਇਹ ਟਰੇਡ ਡੀਲ ਮਨਜ਼ੂਰ ਹੁੰਦੀ ਹੈ ਤਾਂ ਭਾਰਤੀ ਕਿਸਾਨਾਂ ਦੇ ਦੁੱਧ, ਫਲ, ਸਬਜ਼ੀਆਂ ਦੇ ਰੇਟ ਮੂਧੇ ਮੂੰਹ ਜਾ ਡਿੱਗਣਗੇ। ਆਗੂਆਂ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਜੋ ਲੈਂਡ ਪੂਲਿੰਗ ਪਾਲਿਸੀ ਰੱਦ ਕਰਨ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਹੈ ਉਸ ਨੂੰ ਕੈਬਨਿਟ ਦੀ ਮੀਟਿੰਗ ਬੁਲਾ ਕੇ ਜਾਂ ਵਿਧਾਨ ਸਭਾ ਦਾ ਸੈਸ਼ਨ ਬੁਲਾ ਕੇ ਉਸ ਵਿੱਚ ਇਹ ਪਾਲਿਸੀ ਨੂੰ ਵਾਪਸ ਲਿਆ ਜਾਵੇ। ਸੰਯੁਕਤ ਕਿਸਾਨ ਮੋਰਚਾ ਨੇ ਬਿਜਲੀ ਮੁਲਾਜ਼ਮਾਂ ਦੀ ਹਮਾਇਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਅੜੀਅਲ ਵਤੀਰਾ ਛੱਡੇ।ਹੜਤਾਲੀ ਮੁਲਾਜ਼ਮਾਂ ਨੂੰ ਦਬਕੇ ਮਾਰਨ ਦੀ ਬਜਾਏ ਉਨ੍ਹਾਂ ਦੀਆਂ ਮੰਨੀਆਂ ਮੰਗਾਂ ਲਾਗੂ ਕਰੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰੇਸ਼ਮ ਸਿੰਘ ਵਲਟੋਹਾ, ਹੀਰਾ ਸਿੰਘ, ਅਵਤਾਰ ਸਿੰਘ, ਗੁਰਦੇਵ ਸਿੰਘ ਮਾਣੇ ਕੇ, ਗੁਰਦੇਵ ਸਿੰਘ ਘਰਿਆਲੀ, ਚਾਨਣ ਸਿੰਘ ਆਸਲ, ਸੁਰਜੀਤ ਸਿੰਘ ਆਸਲ, ਗੁਰਸਾਹਿਬ ਸਿੰਘ ਜੰਡ, ਸੁਖਵਿੰਦਰ ਸਿੰਘ ਆਸਲ, ਗੁਰਸਾਹਿਬ ਸਿੰਘ ਜੰਡ, ਟੇਕ ਸਿੰਘ ਕੋਟਲੀ, ਹਰਦਿਆਲ ਸਿੰਘ ਕੋਟਲੀ, ਗਰਜੰਟ ਸਿੰਘ ਰਾਜੋ ਕੇ, ਸਤਨਾਮ ਸਿੰਘ, ਕਾਰਜ ਸਿੰਘ ਵਲਟੋਹਾ, ਸੁਖਮੰਦਰ ਸਿੰਘ ਵਲਟੋਹਾ, ਜੋਗਿੰਦਰ ਸਿੰਘ ਬਹਾਦਰ ਨਗਰ, ਗੁਰਨੂਰ ਸਿੰਘ, ਹਰਪਾਲ ਸਿੰਘ, ਸੁਖਵਿੰਦਰ ਸਿੰਘ, ਵਿਸ਼ਾਲਦੀਪ ਸਿੰਘ ਵਲਟੋਹਾ, ਗੁਰਪ੍ਰਤਾਪ ਸਿੰਘ ਵਲਟੋਹਾ, ਗੁਰਵੇਲ ਸਿੰਘ ਵਲਟੋਹਾ, ਗੁਰਸੇਵਕ ਸਿੰਘ ਵਲਟੋਹਾ, ਜਸਵੰਤ ਸਿੰਘ ਵਲਟੋਹਾ, ਗੁਰਬੀਰ ਸਿੰਘ ਵਲਟੋਹਾ, ਲਵਪ੍ਰੀਤ ਸਿੰਘ ਵਲਟੋਹਾ, ਜੋਗਿੰਦਰ ਸਿੰਘ ਵਲਟੋਹਾ ਅਤੇ ਲਾਲ ਸਿੰਘ ਵਲਟੋਹਾ ਆਦਿ ਹਾਜ਼ਰ ਸਨ।

2 ਥਾਵਾਂ 'ਤੇ ਫਾਇਰ ਕਰਨ ਵਾਲੇ ਦੋਸ਼ੀ 18 ਘੰਟਿਆਂ ਦੇ ਅੰਦਰ-ਅੰਦਰ ਗ੍ਰਿਫ਼ਤਾਰ

ਗੁਰਦਾਸਪੁਰ (ਦਿਨੇਸ਼ ਕੁਮਾਰ, ਜਨਕ ਮਹਾਜਨ)

ਸ਼੍ਰੀ ਆਦਿੱਤਯ ਆਈਪੀਐੱਸ ਸੀਨੀਅਰ ਕਪਤਾਨ ਪੁਲਸ, ਗੁਰਦਾਸਪੁਰ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 11 ਅਗਸਤ ਨੂੰ ਸਵੇਰੇ 09 ਵਜੇ ਦੇ ਕਰੀਬ ਮੈਡੀਕਲ ਸਟੋਰ, ਵਡਾਲਾ ਬਾਂਗਰ ਵਿਖੇ ਅਣਪਛਾਤੇ ਵਿਅਕਤੀ ਵੱਲੋਂ 02 ਹਵਾਈ ਫਾਇਰ ਕੀਤੇ ਸਨ ਜਿਸ ਤੇ ਨਾ-ਮਾਲੂਮ ਦੇ ਖ਼ਿਲਾਫ਼ ਮੁਕੱਦਮਾ ਨੰਬਰ 108, ਮਿਤੀ 11.08.2025 ਜੁਰਮ 125, 308 (2), 351(3), 324 (4) ਬੀਐੱਨਐੱਸ 25-54-59 ਅਸਲਾ ਐਕਟ ਥਾਣਾ ਕਲਾਨੌਰ ਵਿਖੇ ਦਰਜ ਰਜਿਸਟਰ ਕਰਕੇ ਦੋਸ਼ੀਆਂ ਦੀ ਭਾਲ ਕਰਨ ਲਈ ਕਪਤਾਨ ਪੁਲਸ ਇਨਵੈਸਟੀਗੇਸ਼ਨ, ਉਪ ਕਪਤਾਨ ਪੁਲਸ ਕਲਾਨੌਰ ਦੀ ਨਿਗਰਾਨੀ ਅਧੀਨ ਸਪੈਸ਼ਲ ਬਰਾਂਚ, ਸੀਆਈਏ ਸਟਾਫ਼ ਅਤੇ ਮੁੱਖ ਅਫ਼ਸਰ ਥਾਣਾ ਕਲਾਨੌਰ ਦੀਆਂ ਵੱਖ-ਵੱਖ ਟੀਮਾਂ ਬਣਾ ਕੇ ਟੈਕਨੀਕਲ/ਖ਼ੁਫ਼ੀਆ ਸੂਤਰਾਂ ਰਾਹੀਂ ਤਫ਼ਤੀਸ਼ ਅਮਲ ਵਿੱਚ ਲਿਆਂਦੀ ਗਈ। ਉਨ੍ਹਾਂ ਦੱਸਿਆ ਕਿ ਮੁਕੱਦਮੇ ਦੇ 02 ਦੋਸ਼ੀਆਂ ਨੂੰ 18 ਘੰਟੇ ਦੇ ਅੰਦਰ-ਅੰਦਰ ਗ੍ਰਿਫ਼ਤਾਰ ਕਰਕੇ ਉਨ੍ਹਾਂ ਪਾਸੋਂ ਵਾਰਦਾਤ ਵਿੱਚ ਵਰਤੇ ਗਏ 02 ਪਿਸਟਲ ਸਮੇਤ ਮੈਗਜ਼ੀਨ ਤੇ 08 ਰੌਂਦ ਬਰਾਮਦ ਕੀਤੇ ਗਏ ਹਨ। ਦੋਸ਼ੀਆਂ ਦੀ ਪਹਿਚਾਣ ਸਰਬਜੀਤ ਸਿੰਘ ਉਰਫ਼ ਸਾਬੀ ਪੁੱਤਰ ਸੁੱਚਾ ਸਿੰਘ ਵਾਸੀ ਪੱਬਾਂਰਾਲੀ ਥਾਣਾ ਡੇਰਾ ਬਾਬਾ ਨਾਨਕ ਅਤੇ ਲਵਪ੍ਰੀਤ ਸਿੰਘ ਉਰਫ਼ ਲਵ ਪੁੱਤਰ ਹਰਦੇਵ ਸਿੰਘ ਵਾਸੀ ਰੋਡ ਖਹਿਰਾ ਥਾਣਾ ਕਿਲ੍ਹਾ ਲਾਲ ਸਿੰਘ ਦੇ ਰੂਪ ਵਿਚ ਹੋਈ ਹੈ।ਸਖ਼ਤੀ ਨਾਲ ਪੁੱਛ-ਗਿੱਛ ਕਰਨ 'ਤੇ ਉਨ੍ਹਾਂ ਦੱਸਿਆ ਕਿ 11 ਅਗਸਤ ਨੂੰ ਮੈਡੀਕਲ ਸਟੋਰ, ਅੱਡਾ ਦਾਲਮ (ਪੁਲਸ ਜ਼ਿਲ੍ਹਾ ਬਟਾਲਾ) ਵਿਖੇ ਵੀ ਮੈਡੀਕਲ ਸਟੋਰ ਦੇ ਮਾਲਕ ਨੂੰ ਮਾਰ ਦੇਣ ਦੀ ਨਿਯਤ ਨਾਲ ਉਨ੍ਹਾਂ ਗੋਲੀਆਂ ਮਾਰ ਕੇ ਜ਼ਖ਼ਮੀ ਕਰ ਦਿੱਤਾ, ਜਿਸ ਦੇ ਸਬੰਧ ਵਿੱਚ ਇਨ੍ਹਾਂ ਦੋਸ਼ੀਆਂ ਦੇ ਖ਼ਿਲਾਫ਼ ਪੁਲਸ ਜ਼ਿਲ੍ਹਾ ਬਟਾਲਾ ਵੱਲੋਂ ਵੱਖ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ ਹੈ।ਗ੍ਰਿਫ਼ਤਾਰ ਦੋਸ਼ੀਆਂ ਦਾ ਰਿਮਾਂਡ ਹਾਸਿਲ ਕਰਕੇ ਹੋਰ ਡੂੰਘਾਈ ਨਾਲ ਪੁੱਛ-ਗਿੱਛ ਕੀਤੀ ਜਾਵੇਗੀ ਅਤੇ ਇਨ੍ਹਾਂ ਦੇ ਬੈਕਵਰਡ ਲਿੰਕ ਵੈਰੀਫਾਈ ਕੀਤੇ ਜਾਣਗੇ।ਮੁਕੱਦਮਾ ਦੀ ਤਫ਼ਤੀਸ਼ ਜਾਰੀ ਹੈ।

ਦਸ ਦਿਨ ਬੀਤ ਗਏ, ਪਾਣੀ ਮਾਰਿਆਂ ਦੀ ਹੁਣ ਤੱਕ ਕਿਸੇ ਨੇ ਬਾਤ ਨਹੀਂ ਪੁੱਛੀ : ਵਲਟੋਹਾ, ਧੂੰਦਾ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)

ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲਾ ਜਨਰਲ ਸਕੱਤਰ ਬਲਕਾਰ ਸਿੰਘ ਵਲਟੋਹਾ, ਜਥੇਬੰਦਕ ਦਵਿੰਦਰ ਸੋਹਲ, ਮੀਤ ਪ੍ਰਧਾਨ ਦਰਸ਼ਨ ਸਿੰਘ ਬਿਹਾਰੀਪੁਰ ਨੇ ਜ਼ਿਲ੍ਹਾ ਕਨਵੀਨਰ ਬਲਦੇਵ ਸਿੰਘ ਧੂੰਦਾ ਕੋਲ ਪਿੰਡ ਪਹੁੰਚ ਕੇ ਦਰਿਆ ਨੇੜਲੇ ਇਲਾਕੇ ਦਾ ਪਾਣੀ ਚੜ੍ਹਨ ਦਾ ਜਾਇਜ਼ਾ ਲਿਆ।ਇਸ ਮੌਕੇ ਲੋਕਾਂ ਦਾ ਦੁੱਖ ਇਹ ਸੀ ਗੋਇੰਦਵਾਲ, ਫਤਿਹਵਾਲੀ, ਮਿਆਣੀ ਗੋਇੰਦਵਾਲ, ਖੱਖ, ਮਿਆਣੀ ਮਲਾਹ, ਧੂੰਦਾ, ਭੈਲ, ਮਣਕਦੇ, ਮੁੰਡਾ ਪਿੰਡ, ਜੌਹਲ ਢਾਏ ਵਾਲਾ, ਕਲੇਰ, ਘੜਕਾ ਚੰਬਾ, ਕਰਮੂਵਾਲਾ, ਸ਼ੇਰਪੁਰ, ਛੰਨਾਂ ਤੇ ਬਾਊਪੁਰ ਪਿੰਡਾਂ 'ਚ ਅਕਸਰ ਫ਼ਸਲ ਦਾ ਵੱਡਾ ਨੁਕਸਾਨ ਹੋ ਜਾਂਦਾ ਹੈ।ਪਾਣੀ ਹੁਣ ਵੀ ਇਨ੍ਹਾਂ ਪਿੰਡਾਂ ਦੀਆਂ ਫ਼ਸਲਾਂ ਤਬਾਹ ਕਰ ਚੁੱਕਾ ਹੈ। ਬਹੁਤ ਦੁੱਖ ਦੀ ਗੱਲ ਹੈ ਕਿ ਅਜੇ ਤੱਕ ਹਲਕੇ ਦਾ ਐੱਮਐੱਲਏ ਜਾਂ ਹਾਕਮ ਪਾਰਟੀ ਦਾ ਕੋਈ ਹੋਰ ਆਗੂ ਲੋਕਾਂ ਦੀ ਬਾਤ ਪੁੱਛਣ ਨਹੀਂ ਆਇਆ ਤੇ ਨਾ ਹੀ ਕੋਈ ਉੱਚ ਅਧਿਕਾਰੀ ਇੱਥੇ ਪਹੁੰਚਿਆ।ਉਨ੍ਹਾਂ ਮੁੱਖ ਮੰਤਰੀ ਤੋਂ ਮੰਗ ਕੀਤੀ ਕਿ ਤੁਰੰਤ ਇਸ ਪਾਣੀ ਮਾਰੇ ਇਲਾਕੇ ਦੀ ਬਿਬਤਾ ਵੱਲ ਧਿਆਨ ਦਿੱਤਾ ਜਾਵੇ।ਇਸ ਮੌਕੇ ਉਨ੍ਹਾਂ ਕਿਹਾ ਕਿ ਹਰੀਕੇ ਹੈਡ ਵਰਕਸ ਤੋਂ ਸਮੇਂ ਸਿਰ ਅੱਗੇ ਪਾਣੀ ਨਹੀਂ ਛੱਡਿਆ ਜਾਂਦਾ। ਇਸ ਕਰਕੇ ਪਾਣੀ ਗੋਇੰਦਵਾਲ ਤੱਕ ਪਾਣੀ ਉੱਚਾ ਹੋ ਜਾਂਦਾ ਹੈ ਜਿਸ ਨਾਲ ਫਸਲਾਂ, ਮੋਟਰਾਂ ਤੇ ਮੰਡ ਵਿਚਲੇ ਘਰ ਡੁੱਬ ਜਾਂਦੇ ਹਨ।ਇਸ ਮੌਕੇ ਬਲਜੀਤ ਸਿੰਘ ਫਤਿਆਬਾਦ, ਮੇਜਰ ਸਿੰਘ ਵੈਰੋਵਾਲ ਵੀ ਮੌਜੂਦ ਸਨ।

ਸਾਹਿਬਜ਼ਾਦਾ ਜ਼ੋਰਾਵਰ ਸਿੰਘ ਫਤਿਹ ਸਿੰਘ ਖਾਲਸਾ ਪਬਲਿਕ ਸਕੂਲ ਨੇ ਭਾਰ ਤੋਲਣ ਮੁਕਾਬਲਿਆਂ 'ਚ ਨੌਂ ਤਮਗੇ ਜਿੱਤੇ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)

ਸਾਹਿਬਜ਼ਾਦਾ ਜ਼ੋਰਾਵਰ ਸਿੰਘ ਫਤਿਹ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਧਾਰੀਵਾਲ ਨੇ ਜ਼ਿਲਾ ਪੱਧਰੀ ਭਾਰ ਤੋਲਣ (ਵੇਟ ਲਿਫਟਿੰਗ) ਮੁਕਾਬਲਿਆਂ ਵਿੱਚੋਂ ਨੌਂ ਤਮਗੇ ਜਿੱਤੇ ਹਨ।ਇਸ ਸਬੰਧੀ ਖੁਸ਼ੀ ਪ੍ਰਗਟ ਕਰਦਿਆਂ ਸਕੂਲ ਪ੍ਰਿੰਸੀਪਲ ਡਾ. ਗਗਨਜੀਤ ਕੌਰ ਨੇ ਦੱਸਿਆ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਵੇਟ ਲਿਫਟਿੰਗ (ਲੜਕੀਆਂ) ਜ਼ਿਲਾ ਪੱਧਰੀ ਖੇਡ ਮੁਕਾਬਲੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਰਚੋਵਾਲ ਵਿਖੇ ਕਰਵਾਏ ਗਏ ਜਿਸ ਵਿੱਚ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਫਤਿਹ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਧਾਰੀਵਾਲ ਦੀ ਟੀਮ ਨੇ ਭਾਗ ਲੈ ਕੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਵੱਖ-ਵੱਖ ਵੇਟ ਕੈਟਾਗਰੀ ਵਿੱਚ ਪੁਜ਼ੀਸ਼ਨਾਂ ਹਾਸਲ ਕੀਤੀਆਂ। ਇਸ ਵਿੱਚ ਮਹਿਕ 77 ਕਿਲੋ ਪਹਿਲੀ ਪੁਜ਼ੀਸ਼ਨ, ਰੀਸ਼ਾ 77 ਕਿਲੋ ਪਹਿਲੀ ਪੁਜ਼ੀਸ਼ਨ, ਨੇਹਾ 58 ਕਿਲੋ ਪਹਿਲੀ ਪੁਜ਼ੀਸ਼ਨ, ਪਲਵੀ 53 ਕਿਲੋ ਪਹਿਲੀ , ਰੂਬੀ 44 ਕਿਲੋ ਪਹਿਲੀ, ਜਸਮੀਤ ਕੌਰ 63 ਕਿਲੋ ਦੂਸਰੀ, ਰਜਨੀ 44 ਕਿਲੋ ਦੂਸਰੀ, ਸੁਖਮਨਪ੍ਰੀਤ 63 ਕਿਲੋ ਦੂਸਰੀ, ਇੰਦੂ 53 ਕਿਲੋ ਨੇ ਤੀਸਰੀ ਪੁਜ਼ੀਸ਼ਨ ਹਾਸਲ ਕਰਕੇ ਸਕੂਲ ਦਾ ਨਾਮ ਜ਼ਿਲਾ ਪੱਧਰ ਤੇ ਰੌਸ਼ਨ ਕੀਤਾ। ਅੱਵਲ ਪੁਜ਼ੀਸ਼ਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਸਟੇਟ ਪਧਰੀ ਖੇਡਾਂ ਲਈ ਚੁਣੇ ਗਏ ।ਸਕੂਲ ਪ੍ਰਿੰਸੀਪਲ ਡਾ : ਗਗਨਜੀਤ ਕੌਰ ਅਤੇ ਸਟਾਫ ਮੈਂਬਰਾਂ ਨੇ ਇਨ੍ਹਾਂ ਵਿਦਿਆਰਥੀਆਂ ਦਾ ਸਕੂਲ ਪਹੁੰਚਣ ਤੇ ਸਵਾਗਤ ਕੀਤਾ ਅਤੇ ਇਨ੍ਹਾਂ ਦੀ ਤਿਆਰੀ ਕਰਵਾਉਣ ਵਾਲੇ ਕੋਚ ਸੁਰਿੰਦਰ ਮੋਹਨ ਸ਼ਰਮਾ ਤੇ ਅਧਿਆਪਕਾ ਪਲਵਿੰਦਰ ਕੌਰ, ਅਮਨਦੀਪ ਕੌਰ ਅਤੇ ਸੋਨੀਆ ਨੂੰ ਵਧਾਈ ਦਿੱਤੀ।

ਨੌਵੇਂ ਪਾਤਸ਼ਾਹ ਦੀ ਸ਼ਹੀਦੀ ਸ਼ਤਾਬਦੀ ਸੰਬੰਧੀ ਨਗਰ ਕੀਰਤਨ ਆਸਾਮ ਤੋਂ 21 ਨੂੰ ਹੋਵੇਗਾ ਆਰੰਭ : ਧਾਮੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)

ਨੌਂਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਸਬੰਧੀ ਸਮਾਗਮਾਂ ਦੀ ਤਫ਼ਸੀਲ ਜਾਰੀ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਗੁਰੂ ਸਾਹਿਬ ਦੀ ਚਰਨਛੋਹ ਪ੍ਰਾਪਤ ਪਾਵਨ ਅਸਥਾਨ ਗੁਰਦੁਆਰਾ ਧੋਬੜੀ ਸਾਹਿਬ ਆਸਾਮ ਤੋਂ ਵਿਸ਼ਾਲ ਕੌਮੀ ਨਗਰ ਕੀਰਤਨ 21 ਅਗਸਤ ਨੂੰ ਆਰੰਭ ਹੋਵੇਗਾ।ਮੀਡੀਆ ਨਾਲ ਗੱਲਬਾਤ ਕਰਦਿਆਂ ਐਡਵੋਕੇਟ ਧਾਮੀ ਨੇ ਕਿਹਾ ਕਿ ਇਹ ਸ਼ਹੀਦੀ ਨਗਰ ਕੀਰਤਨ ਧਰਮ ਹੇਤ ਸਾਕਾ ਜਿਨਿ ਕੀਆ ਦੇ ਸਿਰਲੇਖ ਹੇਠ ਭਾਰਤ ਦੇ 20 ਸੂਬਿਆਂ ਵਿਚ ਦੀ ਹੁੰਦਾ ਹੋਇਆ 23 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਸੰਪੰਨ ਹੋਵੇਗਾ।ਉਨ੍ਹਾਂ ਕਿਹਾ ਕਿ 350 ਸਾਲਾ ਸ਼ਹੀਦੀ ਸ਼ਤਾਬਦੀ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਖ਼ਾਲਸਾਈ ਪ੍ਰੰਪਰਾਵਾਂ ਅਨੁਸਾਰ ਮਨਾਈ ਜਾ ਰਹੀ ਹੈ।ਇਸ ਸਬੰਧ ਵਿਚ ਜਿਥੇ ਦੇਸ਼ ਭਰ ਅੰਦਰ ਵੱਡੇ ਸ਼ਹਿਰਾਂ ਵਿਚ ਗੁਰਮਤਿ ਸਮਾਗਮ ਕੀਤੇ ਜਾਣਗੇ, ਉਥੇ ਹੀ ਵਿਸ਼ੇਸ਼ ਤੌਰ 'ਤੇ ਸ਼ਹੀਦੀ ਨਗਰ ਕੀਰਤਨ ਵੀ ਸਜਾਏ ਜਾ ਰਹੇ ਹਨ।ਇਸ ਤਹਿਤ ਪਹਿਲਾ ਨਗਰ ਕੀਰਤਨ 21 ਅਗਸਤ ਨੂੰ ਗੁਰਦੁਆਰਾ ਧੋਬੜੀ ਸਾਹਿਬ ਆਸਾਮ ਤੋਂ ਆਰੰਭ ਹੋਵੇਗਾ। ਪਹਿਲੇ 10 ਦਿਨ ਦੇ ਵੇਰਵੇ ਸਾਂਝੇ ਕਰਦਿਆਂ ਐਡਵੋਕੇਟ ਧਾਮੀ ਨੇ ਦੱਸਿਆ ਕਿ ਇਹ ਨਗਰ ਕੀਰਤਨ 21 ਅਗਸਤ ਨੂੰ ਗੁਰਦੁਆਰਾ ਧੋਬੜੀ ਸਾਹਿਬ ਤੋਂ ਚੱਲ ਕੇ ਗੁਰਦੁਆਰਾ ਸਿੰਘ ਸਭਾ ਸਿਲੀਗੁੜੀ ਪਹੁੰਚੇਗਾ।22 ਅਗਸਤ ਨੂੰ ਸਿਲੀਗੁੜੀ ਤੋਂ ਮਾਲਦਾ, 23 ਅਗਸਤ ਨੂੰ ਮਾਲਦਾ ਤੋਂ ਕਲਕੱਤਾ ਪੁੱਜੇਗਾ।ਕਲਕੱਤਾ ਵਿਖੇ ਦੋ ਦਿਨ ਵੱਖ-ਵੱਖ ਇਲਾਕਿਆਂ ਵਿਚ ਨਗਰ ਕੀਰਤਨ ਸਜਾਇਆ ਜਾਵੇਗਾ, ਜਿਥੋਂ 25 ਅਗਸਤ ਨੂੰ ਗੁਰਦੁਆਰਾ ਗੁਰੂ ਨਾਨਕ ਆਸਨਸੋਲ ਬੰਗਾਲ ਪਹੁੰਚੇਗਾ।26 ਅਗਸਤ ਨੂੰ ਆਸਨਸੋਲ ਤੋਂ ਚੱਲ ਕੇ ਜਮਸ਼ੇਦਪੁਰ ਟਾਟਾ ਨਗਰ, 27 ਨੂੰ ਜਮਸ਼ੇਦਪੁਰ ਤੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਰਾਂਚੀ ਝਾਰਖੰਡ, 28 ਅਗਸਤ ਨੂੰ ਰਾਂਚੀ ਤੋਂ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਬਿਹਾਰ ਵਿਖੇ ਪੁੱਜੇਗਾ।29 ਅਗਸਤ ਨੂੰ ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਸਾਸਾਰਾਮ, 30 ਅਗਸਤ ਨੂੰ ਸਾਸਾਰਾਮ ਤੋਂ ਬਨਾਰਸ ਯੂਪੀ ਅਤੇ 31 ਅਗਸਤ ਬਨਾਰਸ ਤੋਂ ਅਗਲੇ ਪੜਾਅ ਲਈ ਰਵਾਨਾ ਹੋਵੇਗਾ।ਇਸੇ ਤਰ੍ਹਾਂ ਇਹ ਨਗਰ ਕੀਰਤਨ ਕਰੀਬ ਤਿੰਨ ਮਹੀਨੇ ਪੜਾਅ-ਦਰ-ਪੜਾਅ ਚੱਲਦਾ ਹੋਇਆ ਸ੍ਰੀ ਅਨੰਦਪੁਰ ਸਾਹਿਬ ਵਿਖੇ ਪਹੁੰਚੇਗਾ।ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਦੂਜਾ ਨਗਰ ਕੀਰਤਨ ਗੁਰਦੁਆਰਾ ਸ੍ਰੀ ਮਟਨ ਸਾਹਿਬ ਜੰਮੂ ਕਸ਼ਮੀਰ ਤੋਂ 5 ਅਕਤੂਬਰ ਨੂੰ ਸਜਾਇਆ ਜਾਵੇਗਾ, ਜੋ ਵੱਖ-ਵੱਖ ਅਸਥਾਨਾਂ ਤੋਂ ਹੁੰਦਾ ਹੋਇਆ ਸ੍ਰੀ ਅਨੰਦਪੁਰ ਸਾਹਿਬ ਵਿਖੇ ਸੰਪੂਰਨ ਹੋਵੇਗਾ।ਤੀਜਾ ਨਗਰ ਕੀਰਤਨ 25 ਨਵੰਬਰ ਨੂੰ ਗੁਰਦੁਆਰਾ ਸੀਸਗੰਜ ਸਾਹਿਬ ਦਿੱਲੀ ਤੋਂ ਆਰੰਭ ਹੋਵੇਗਾ, ਜੋ 29 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਸੰਪੰਨ ਹੋਵੇਗਾ।

ਵਿਧਾਇਕ ਰੰਧਾਵਾ ਵੱਲੋਂ ਭਗਵਾਨਪੁਰ, ਦੋਲੋਵਾਲ ਤੇ ਦਰਗਾਬਾਦ 'ਚ ਨਸ਼ਿਆਂ ਵਿਰੁੱਧ ਲਾਮਬੰਦੀ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ 'ਚੋਂ ਨਸ਼ਿਆਂ ਦਾ ਪੂਰਨ ਤੌਰ 'ਤੇ ਖ਼ਾਤਮਾ ਕਰਨ ਲਈ ਕੀਤੇ ਜਾ ਰਹੇ ਉਪਰਾਲਿਆਂ ਤਹਿਤ ਚਲਾਈ ਜਾ ਰਹੀ ਨਸ਼ਾ ਮੁਕਤੀ ਯਾਤਰਾ ਬੀਤੀ ਸ਼

ਨਵਾਂ ਜ਼ਮਾਨਾ
ਵੀਰਵਾਰ, 14 ਅਗਸਤ 2025

ਲੋਕਤੰਤਰ 'ਤੇ ਸਵਾਲੀਆ ਨਿਸ਼ਾਨ

ਸਰਕਾਰ ਦੀ ਨਜ਼ਰ ਵਿੱਚ ਦੇਸ਼ਧ੍ਰੋਹੀ ਉਮਰ ਖਾਲਿਦ ਨੇ 11 ਅਗਸਤ ਨੂੰ ਆਪਣਾ 38ਵਾਂ ਜਨਮ ਦਿਨ ਤਿਹਾੜ ਜੇਲ੍ਹ 'ਚ ਮਨਾਇਆ। ਇਹ ਲਗਾਤਾਰ ਪੰਜਵਾਂ ਜਨਮ ਦਿਨ ਸੀ, ਜਿਹੜਾ ਉਸ ਨੇ ਜੇਲ੍ਹ ਦੀਆਂ ਸਲਾਖਾਂ ਪਿੱਛੇ ਮਨਾਇਆ। ਵਿਦਿਆਰਥੀਆਂ ਵਿੱਚ ਅਲੋਚਨਾਤਮਕ ਵਿਵੇਕ ਜਾਗਰਤ ਕਰਨ ਲਈ ਮਸ਼ਹੂਰ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇ ਐੱਨ ਯੂ) ਤੋਂ ਉਮਰ ਨੇ 'ਆਦਿਵਾਸੀਆਂ ਦਾ ਜ਼ੋਰ ਤੇ ਝਾਰਖੰਡ ਰਾਜ ਦਾ ਨਿਰਮਾਣ' ਵਿਸ਼ੇ 'ਤੇ ਪੀ ਐੱਚ ਡੀ ਕੀਤੀ ਹੈ। ਇਹ ਵਿਸ਼ਾ ਉਸ ਦੀ ਸਮਾਜੀ ਨਿਆਂ ਪ੍ਰਤੀ ਪ੍ਰਤੀਬੱਧਤਾ ਨੂੰ ਦਰਸਾਉਂਦਾ ਹੈ, ਪਰ ਉਮਰ ਦੀ ਸਰਗਰਮੀ ਤੇ ਸਰਕਾਰ ਦੀ ਅਲੋਚਨਾ ਨੇ ਉਸ ਨੂੰ ਸਲਾਖਾਂ ਪਿੱਛੇ ਪਹੁੰਚਾ ਦਿੱਤਾ। 13 ਸਤੰਬਰ 2020 ਨੂੰ ਦਿੱਲੀ ਪੁਲਸ ਨੇ ਉਮਰ ਖਾਲਿਦ ਨੂੰ ਗੈਰਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ (ਯੂ ਏ ਪੀ ਏ) ਤਹਿਤ ਗ੍ਰਿਫਤਾਰ ਕੀਤਾ ਸੀ। ਦੋਸ਼ ਸੀ ਕਿ ਫਰਵਰੀ 2020 ਵਿੱਚ ਉੱਤਰ-ਪੂਰਬੀ ਦਿੱਲੀ 'ਚ ਹੋਈ ਹਿੰਸਾ ਪਿੱਛੇ ਉਮਰ 'ਮੁੱਖ ਸਾਜ਼ਿਸ਼ਕਰਤਾ' ਸੀ, ਪਰ ਤੱਥ ਦੱਸਦੇ ਹਨ ਕਿ ਉਮਰ ਉਦੋਂ ਦਿੱਲੀ ਵਿੱਚ ਸੀ ਹੀ ਨਹੀਂ। ਉਹ ਅਮਰਾਵਤੀ ਵਿੱਚ ਇੱਕ ਪੁਰ-ਅਮਨ ਸਭਾ ਨੂੰ ਸੰਬੋਧਨ ਕਰ ਰਿਹਾ ਸੀ। ਦਿੱਲੀ ਪੁਲਸ ਦੀ ਚਾਰਜਸ਼ੀਟ ਵਿੱਚ ਉਮਰ 'ਤੇ ਲਾਏ ਗਏ ਦੋਸ਼ਾਂ ਦਾ ਕੋਈ ਠੋਸ ਸਬੂਤ ਨਹੀਂ ਹੈ। ਚਾਰਜਸ਼ੀਟ ਮੁਤਾਬਕ ਉਸ ਨੇ ਅਮਰਾਵਤੀ ਵਿੱਚ ਭੜਕਾਊ ਭਾਸ਼ਣ ਦਿੱਤਾ। ਅਸਲ ਵਿੱਚ ਉਮਰ ਨੇ ਉੱਥੇ ਕਿਹਾ ਸੀ, 'ਅਸੀਂ ਨਫਰਤ ਖਿਲਾਫ ਪਿਆਰ ਨਾਲ ਲੜਨਾ ਹੈ।' ਇਹ ਦੇਸ਼ ਪ੍ਰੇਮ ਨੂੰ ਦਰਸਾਉਂਦਾ ਹੈ, ਨਾ ਕਿ ਹਿੰਸਾ ਨੂੰ।

ਉਮਰ ਪੰਜ ਸਾਲ ਤੋਂ ਜੇਲ੍ਹ ਵਿੱਚ ਹੈ, ਪਰ ਅਜੇ ਤੱਕ ਮੁਕੱਦਮਾ ਸ਼ੁਰੂ ਨਹੀਂ ਹੋਇਆ। ਉਸ ਦੀਆਂ ਜ਼ਮਾਨਤ ਅਰਜ਼ੀਆਂ ਤੱਕ ਸੁਪਰੀਮ ਕੋਰਟ ਤੱਕ ਨੇ ਕੁਝ ਨਹੀਂ ਕੀਤਾ। ਸਿਰਫ ਦਸੰਬਰ 2024 ਵਿੱਚ ਇੱਕ ਵਾਰ ਉਸ ਨੂੰ ਰਿਸ਼ਤੇਦਾਰ ਦੀ ਸ਼ਾਦੀ ਵਿੱਚ ਸ਼ਾਮਲ ਹੋਣ ਲਈ ਹਫਤੇ ਦੀ ਅੰਤਰਮ ਜ਼ਮਾਨਤ ਮਿਲੀ ਸੀ। ਸੁਪਰੀਮ ਕੋਰਟ ਦਾ ਸਿਧਾਂਤ 'ਜ਼ਮਾਨਤ ਨਿਯਮ ਹੈ, ਜੇਲ੍ਹ ਅਪਵਾਦ' ਉਮਰ ਦੇ ਮਾਮਲੇ ਵਿੱਚ ਉਲਟਾ ਹੋ ਗਿਆ ਹੈ। ਸੁਪਰੀਮ ਕੋਰਟ ਖੁਦ ਕਹਿ ਚੁੱਕੀ ਹੈ ਕਿ ਹਿੰਸਾ ਭੜਕਾਉਣ ਦੇ ਇਰਾਦੇ ਦੇ ਬਿਨਾਂ ਨਾਅਰੇ ਲਾਉਣੇ ਦੇਸ਼ਧ੍ਰੋਹ ਨਹੀਂ। ਇਸ ਦੇ ਬਾਵਜੂਦ ਇੱਕ ਨੌਜਵਾਨ ਨੂੰ ਜ਼ਮਾਨਤ ਨਾ ਮਿਲਣੀ ਸੰਵਿਧਾਨ ਦਾ ਮਖੌਲ ਨਹੀਂ ਤਾਂ ਹੋਰ ਕੀ ਹੈ?

ਉਮਰ ਨੇ ਜੇਲ੍ਹ ਵਿੱਚੋਂ ਲਿਖੇ ਇੱਕ ਪੱਤਰ ਵਿੱਚ ਰੂਸੀ ਲੇਖਕ ਫਿਓਦੋਰ ਦੋਸਤੋਵਸਕੀ ਦੇ ਨਾਵਲ 'ਦੀ ਹਾਊਸ ਆਫ ਦੀ ਡੈੱਡ' ਦਾ ਜ਼ਿਕਰ ਕੀਤਾ, ਜਿਸ ਵਿੱਚ ਸਾਇਬੇਰੀਆਈ ਜੇਲ੍ਹ ਦੇ ਅਨੁਭਵਾਂ ਦਾ ਵਰਨਣ ਹੈ। ਉਮਰ ਨੇ ਦੋਸਤੋਵਸਕੀ ਦੇ ਹਵਾਲੇ ਨਾਲ ਲਿਖਿਆ, 'ਅਸੀਂ ਜ਼ਿੰਦਾ ਹੁੰਦੇ ਹੋਏ ਵੀ ਜ਼ਿੰਦਾ ਨਹੀਂ ਹਾਂ ਅਤੇ ਅਸੀਂ ਆਪਣੀਆਂ ਕਬਰਾਂ ਵਿੱਚ ਨਹੀਂ ਹਾਂ, ਹਾਲਾਂਕਿ ਅਸੀਂ ਮਰ ਚੁੱਕੇ ਹਾਂ।'

ਉਮਰ ਖਾਲਿਦ ਦਾ ਚਿਹਰਾ ਇੱਕ ਸਵਾਲ ਬਣ ਕੇ ਖੜ੍ਹਾ ਹੈ—ਸੰਵਿਧਾਨ ਵਿੱਚ ਦਿੱਤੀ ਗਈ ਆਜ਼ਾਦੀ ਦਾ ਕੀ ਹੋਇਆ? ਮਨੁੱਖੀ ਅਧਿਕਾਰਾਂ ਦੀ ਰਾਖੀ ਦਾ ਸੰਕਲਪ ਕਿੱਥੇ ਗਿਆ? ਪੰਜ ਸਾਲ ਸਲਾਖਾਂ ਦੇ ਪਿੱਛੇ ਬੀਤ ਗਏ, ਹੋਰ ਕਿੰਨੇ ਬੀਤਣਗੇ? ਜੇਲ੍ਹ ਵਿੱਚ ਕੱਟੀ ਗਈ ਉਮਰ ਦੀ ਜ਼ਿੰਦਗੀ ਦਾ ਹਿਸਾਬ ਕੌਣ ਦੇਵੇਗਾ? ਕੀ ਇਹ ਇੱਕ ਹੋਣਹਾਰ ਨੌਜਵਾਨ ਨੂੰ ਤੋੜਨ ਦੀ ਸਾਜ਼ਿਸ਼ ਹੈ? ਇਤਿਹਾਸ ਇਸ ਅਪਰਾਧ ਦਾ ਜਵਾਬ ਜ਼ਰੂਰ ਮੰਗੇਗਾ—ਅੱਜ ਨਹੀਂ ਤਾਂ ਭਲਕੇ।

ਚੋਣ ਕਮਿਸ਼ਨ ਅਤੇ ਈ ਡੀ ਪ੍ਰਤੀ ਤਿੜਕਦਾ ਵਿਸ਼ਵਾਸ

ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਭਾਰਤੀ ਚੋਣ ਕਮਿਸ਼ਨ ਉੱਤੇ ਗੰਭੀਰ ਦੋਸ਼ ਲਾਏ ਹਨ ਅਤੇ ਦਾਅਵਾ ਕੀਤਾ ਹੈ ਕਿ ਪਿਛਲੀਆਂ ਚੋਣਾਂ ਸਮੇਂ ਮਹਾਰਾਸ਼ਟਰ ਅਤੇ ਹਰਿਆਣਾ ਵਿੱਚ ਵੋਟਰ ਸੂਚੀਆਂ ਵਿੱਚ ਵੱਡੇ ਪੱਧਰ 'ਤੇ ਧਾਂਦਲੀ ਕੀਤੀ ਗਈ ਹੈ। ਉਨ੍ਹਾਂ ਕਰਨਾਟਕ ਦੇ ਇੱਕ ਵਿਧਾਨ ਸਭਾ ਹਲਕੇ ਦਾ ਅੰਕੜਾ ਦੇਸ਼ ਸਾਹਮਣੇ ਰੱਖਦਿਆਂ ਦੋਸ਼ ਲਾਇਆ ਕਿ ਵੋਟਰ ਸੂਚੀ ਵਿੱਚ ਹੇਰਾਫੇਰੀ ਕੀਤੀ ਗਈ ਅਤੇ ਫਰਜ਼ੀ ਵੋਟਰ, ਗਲਤ ਪਤੇ, ਇੱਕ ਪਤੇ ਉੱਤੇ ਕਈ ਵੋਟਰ, ਇੱਕ ਵੋਟਰ ਦਾ ਨਾਂਅ ਕਈ ਥਾਵਾਂ ਉੱਤੇ ਹੋਣ ਜਿਹੇ ਕਈ ਤਰੀਕਿਆਂ ਨਾਲ ਵੋਟ ਚੋਰੀ ਕੀਤੀ ਗਈ ਅਤੇ ਕਈ ਥਾਵਾਂ ਉੱਤੇ ਇਸ ਮਾਡਲ ਨੂੰ ਕਈ ਅਸੰਬਲੀ, ਲੋਕ ਸਭਾ ਹਲਕਿਆਂ ਵਿੱਚ ਵਰਤਿਆ ਗਿਆ, ਤਾਂ ਕਿ ਭਾਰਤੀ ਜਨਤਾ ਪਾਰਟੀ ਨੂੰ ਫਾਇਦਾ ਮਿਲ ਸਕੇ।

ਹਾਲਾਂਕਿ ਚੋਣਾਂ 'ਚ ਗੜਬੜੀਆਂ ਦੀਆਂ ਸ਼ਿਕਾਇਤਾਂ ਪਹਿਲਾਂ ਵੀ ਮਿਲਦੀਆਂ ਰਹੀਆਂ ਹਨ, ਲੇਕਿਨ ਆਮ ਤੌਰ 'ਤੇ ਸਬੂਤਾਂ ਦੀ ਕਮੀ ਦੇ ਨਾਂਅ ਉੱਤੇ ਇਹ ਸ਼ਿਕਾਇਤਾਂ ਰੱਦੀ ਦੀ ਟੋਕਰੀ 'ਚ ਚੋਣ ਕਮਿਸ਼ਨ ਵੱਲੋਂ ਸੁੱਟ ਦਿੱਤੀਆਂ ਜਾਂਦੀਆਂ ਹਨ ਅਤੇ ਇਹਨਾਂ ਨੂੰ ਨਿਰਾਧਾਰ ਗਿਣਿਆ ਜਾਂਦਾ ਹੈ, ਪਰ ਇਸ ਵੇਰ ਦੇਸ਼ ਭਰ 'ਚ ਸਬੂਤਾਂ ਦੇ ਅਧਾਰ 'ਤੇ ਪੇਸ ਕੀਤੇ ਅੰਕੜਿਆਂ ਕਾਰਨ ਇੱਕ ਵੱਡੀ ਬਹਿਸ ਛਿੜ ਪਈ ਹੈ ਅਤੇ ਵੇਖਿਆ ਜਾ ਰਿਹਾ ਹੈ ਕਿ ਇਹਨਾਂ ਸ਼ਿਕਾਇਤਾਂ ਦਾ ਆਧਾਰ ਠੋਸ ਹੈ । ਇਸ ਨਾਲ ਦੇਸ਼ ਦੀ ਸਮੁੱਚੀ ਚੋਣ ਪ੍ਰਕਿਰਿਆ ਕਟਹਿਰੇ 'ਚ ਖੜੀ ਦਿਸਦੀ ਹੈ।

ਕਿਸੇ ਵੀ ਦੇਸ਼ ਦੀ ਲੋਕਤੰਤਰ ਦੀ ਮਜ਼ਬੂਤੀ ਅਤੇ ਭਰੋਸੇਯੋਗਤਾ ਇਸ ਗੱਲ ਉੱਤੇ ਨਿਰਭਰ ਕਰਦੀ ਹੈ ਕਿ ਉਸ ਵਿੱਚ ਚੁਣੇ ਜਾਣ ਦੀ ਪ੍ਰਕਿਰਿਆ ਕਿੰਨੀ ਸਾਫ਼, ਸੁਤੰਤਰ ਅਤੇ ਪਾਰਦਰਸ਼ੀ ਹੈ। ਇਸ ਲਈ ਚੋਣ ਕਰਾਉਣ ਵਾਲੀ ਸੰਸਥਾ ਨੂੰ ਇਹ ਗੱਲ ਯਕੀਨੀ ਬਣਾਉਣਾ ਹੁੰਦਾ ਹੈ ਕਿ ਕੋਈ ਵੀ ਨਾਗਰਿਕ ਵੋਟ ਦੇਣ ਦੇ ਹੱਕ ਤੋਂ ਵੰਚਿਤ ਨਾ ਹੋਵੇ।

ਪਰ ਦੇਸ਼ ਵਿੱਚ ਆਮ ਤੌਰ 'ਤੇ ਹੋਣ ਵਾਲੀ ਹਰ ਚੋਣ ਤੋਂ ਬਾਅਦ ਜਿਸ ਤਰ੍ਹਾਂ ਦੇ ਵਿਵਾਦ ਸਾਹਮਣੇ ਆਉਂਦੇ ਰਹੇ ਹਨ, ਮਤਦਾਨ ਦੀ ਪ੍ਰਕਿਰਿਆ 'ਚ ਗੜਬੜੀ ਅਤੇ ਇਲੈਕਟ੍ਰੋਨਿਕ ਵੋਟਿੰਗ ਮਸ਼ੀਨਾਂ ਦੇ ਸਮੁੱਚੇ ਤੰਤਰ ਦੇ ਨਾਲ-ਨਾਲ ਨਤੀਜਿਆਂ ਤੱਕ ਨੂੰ ਲੈ ਕੇ ਸਵਾਲ ਖੜੇ ਹੋ ਰਹੇ ਹਨ. ਉਸ ਨਾਲ ਕਈ ਸ਼ੰਕੇ ਪੈਦਾ ਹੁੰਦੇ ਹਨ।

ਚੋਣਾਂ ਦੀ ਸ਼ੁੱਧਤਾ ਉੱਤੇ ਦੇਸ਼ ਭਰ 'ਚ ਬਹਿਸ ਛਿੜੀ ਹੋਈ ਹੈ। ਇਸ ਸੰਦਰਭ ਵਿੱਚ ਸਾਬਕਾ ਕੇਂਦਰੀ ਮੰਤਰੀ ਸ਼ਰਦ ਪਵਾਰ ਦਾ ਇਹ ਬਿਆਨ ਪ੍ਰੇਸ਼ਾਨ ਕਰਨ ਵਾਲਾ ਹੈ ਕਿ 2024 ਵਿੱਚ ਮਹਾਰਾਸ਼ਟਰ ਦੀਆਂ ਚੋਣਾਂ ਤੋਂ ਪਹਿਲਾਂ ਉਨ੍ਹਾ ਨੂੰ ਦੋ ਲੋਕ ਦਿੱਲੀ 'ਚ ਮਿਲੇ, ਜਿਨ੍ਹਾ ਮਹਾਰਾਸ਼ਟਰ ਦੀਆਂ 288 ਸੀਟਾਂ ਵਿੱਚੋਂ 160 ਸੀਟਾਂ ਜਿੱਤਣ ਦੀ ਗਰੰਟੀ ਦਿੱਤੀ, ਪਰ ਇਹ ਗੱਲ ਉਹਨਾ ਅਣਸੁਣੀ ਕੀਤੀ। ਭਾਜਪਾ ਇਹਨਾਂ ਵਿਧਾਨ ਸਭਾ ਚੋਣਾਂ 'ਚ ਜਿੱਤ ਗਈ, ਜਿਸ ਨੂੰ 132, ਸ਼ਿਵ ਸੈਨਾ ਨੂੰ 57 ਅਤੇ ਐਨ.ਸੀ.ਪੀ. ਨੂੰ 41 ਸੀਟਾਂ ਮਿਲ ਗਈਆਂ, ਜਦਕਿ ਇਸ ਤੋਂ ਕੁਝ ਮਹੀਨੇ ਪਹਿਲਾਂ ਲੋਕ ਸਭਾ ਚੋਣਾਂ 'ਚ ਕਾਂਗਰਸ, ਐੱਨ.ਸੀ.ਪੀ. ਗਠਬੰਧਨ 42 ਲੋਕ ਸਭਾ ਸੀਟਾਂ ਵਿੱਚੋਂ 30 ਲੋਕ ਸਭਾ ਸੀਟਾਂ 'ਤੇ ਕਾਬਜ਼ ਰਿਹਾ। ਉਹਨਾ ਕਿਹਾ ਕਿ ਸਾਨੂੰ ਵੋਟ ਚੋਰੀ ਦਾ ਸ਼ੱਕ ਰਿਹਾ। ਹੁਣ ਰਾਹੁਲ ਗਾਂਧੀ ਨੇ ਤੱਥ ਪੇਸ਼ ਕੀਤੇ ਹਨ ਤੇ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਹੁਣ ਹੋਣਾ ਹੀ ਚਾਹੀਦਾ ਹੈ।

ਗੁਰਮੀਤ ਸਿੰਘ ਪਲਾਹੀ

ਭਾਰਤੀ ਚੋਣ ਆਯੋਗ ਨੇ ਉਪਰੋਕਤ ਤੱਥਾਂ ਸੰਬੰਧੀ ਕੋਈ ਵੀ ਜਵਾਬ ਨਹੀਂ ਦਿੱਤਾ, ਸਗੋਂ ਰਾਹੁਲ ਗਾਂਧੀ ਨੂੰ ਕਿਹਾ ਹੈ ਕਿ ਉਹ ਇਸ ਸੰਬੰਧੀ ਐਫੀਡੇਵਿਟ (ਘੋਸ਼ਣਾ ਪੱਤਰ) ਦੇਣ ਜਾਂ ਫਿਰ ਦੇਸ਼ ਦੀ ਜਨਤਾ ਨੂੰ ਗੁੰਮਰਾਹ ਕਰਨ 'ਤੇ ਮੁਆਫ਼ੀ ਮੰਗਣ, ਪਰੰਤੂ ਰਾਹੁਲ ਗਾਂਧੀ ਨੇ ਇਸ ਵੋਟ ਚੋਰੀ ਨੂੰ ਤੱਥਾਂ ਅਧਾਰਤ ਕਿਹਾ ਅਤੇ ਇਹ ਵੀ ਕਿਹਾ ਹੈ ਕਿ ਇਹ ਦੋਸ਼ ਸਬੂਤਾਂ ਵਾਲੇ ਹਨ।

ਵੋਟਰਾਂ ਦੇ ਸ਼ੁੱਧੀਕਰਨ ਮਾਮਲੇ 'ਤੇ ਬਿਹਾਰ ਵਿੱਚ ਤਰਥੱਲੀ ਮਚੀ ਹੈ। ਚੋਣ ਕਮਿਸ਼ਨ ਨੇ 65 ਲੱਖ ਵੋਟਰ ਨਵੀਂ ਬਿਹਾਰ ਵਿਧਾਨ ਸਭਾ ਵੋਟਰ ਸੂਚੀ 'ਚੋਂ ਕੱਟੇ ਹਨ। ਇਸ ਸੰਬੰਧੀ ਭਾਰਤੀ ਸੁਪਰੀਮ ਕੋਰਟ ਨੇ ਕਈ ਸਵਾਲ ਖੜ੍ਹੇ ਕੀਤੇ ਹਨ। ਭਾਰਤੀ ਚੋਣ ਕਮਿਸ਼ਨ ਨੇ ਬਿਹਾਰ ਦੇ ਵੋਟਰਾਂ ਨੂੰ ਮੌਕਾ ਦਿੰਦਿਆਂ ਕਿਹਾ ਸੀ ਕਿ 1 ਅਗਸਤ ਤੋਂ 1 ਸਤੰਬਰ ਤੱਕ ਵੋਟਰ ਇਸ ਡਰਾਫਟ ਵੋਟਰ ਲਿਸਟ 'ਚ ਸ਼ਾਮਿਲ ਹੋਣ ਦਾ ਦਾਅਵਾ ਪੇਸ਼ ਕਰ ਸਕਦੇ ਹਨ, ਪਰ ਕਿਸੇ ਸਿਆਸੀ ਧਿਰ ਨੇ ਕੋਈ ਦਾਅਵਾ ਜਾਂ ਇਤਰਾਜ਼ ਪੇਸ਼ ਨਹੀਂ ਕੀਤਾ। ਸਿਰਫ਼ 7,252 ਲੋਕਾਂ ਨੇ ਨਿੱਜੀ ਤੌਰ 'ਤੇ ਵੋਟ ਲਈ ਦਾਅਵੇ ਪੇਸ਼ ਕੀਤੇ ਹਨ।

ਅਸਲ ਵਿੱਚ ਪਿਛਲੇ ਲੰਮੇ ਸਮੇਂ ਤੋਂ ਦੇਸ਼ ਦੇ ਚੋਣ ਕਮਿਸ਼ਨ, ਈ ਡੀ ਅਤੇ ਸੀ ਬੀ ਆਈ ਆਦਿ ਏਜੰਸੀਆਂ 'ਤੇ ਵੱਡੇ ਸਵਾਲ ਖੜੇ ਹੋ ਰਹੇ ਹਨ। ਚੋਣ ਕਮਿਸ਼ਨ ਉੱਤੇ ਪ੍ਰਭਾਵ ਪਾਉਣ ਲਈ ਤਾਂ ਭਾਜਪਾ ਸਰਕਾਰ ਨੇ ਭਾਰਤੀ ਚੋਣ ਕਮਿਸ਼ਨ ਲਈ ਨਵੇਂ ਚੋਣ ਕਮਿਸ਼ਨਰ ਲਗਾਉਣ ਦੇ ਨਿਯਮ ਵੀ ਬਦਲ ਦਿੱਤੇ ਸਨ ਅਤੇ ਸੁਪਰੀਮ ਕੋਰਟ ਦੀ ਨੁਮਾਇੰਦਗੀ ਹੀ ਖ਼ਤਮ ਕਰ ਦਿੱਤੀ ਸੀ। ਉਦੋਂ ਤੋਂ ਲੈ ਕੇ ਚੋਣ ਕਮਿਸ਼ਨ 'ਤੇ ਵੱਡੇ ਸਵਾਲ ਖੜੇ ਹੋ ਰਹੇ ਹਨ, ਜਿਹਨਾਂ ਵਿੱਚ ਇਲੈਕਟ੍ਰੋਨਿਕ ਮਸ਼ੀਨਾਂ ਰਾਹੀਂ ਵੋਟਾਂ ਦਾ ਮੁੱਦਾ ਅਤੇ ਉਸ ਰਾਹੀਂ ਹੇਰਾਫੇਰੀ ਦਾ ਮੁੱਦਾ ਦੇਸ਼ 'ਚ ਵੱਡੇ ਪੱਧਰ ਉੱਤੇ ਉਠਾਇਆ ਜਾਂਦਾ ਰਿਹਾ ਹੈ।

ਇਸ ਸੰਬੰਧੀ ਭਾਰਤੀ ਸੁਪਰੀਮ ਕੋਰਟ ਨੇ ਵੀ ਕਰੜਾ ਰੁਖ ਅਖ਼ਤਿਆਰ ਕੀਤਾ ਹੈ ਤੇ ਕਿਹਾ ਹੈ ਕਿ ਨਾਗਰਿਕਤਾ ਦਾ ਮੁੱਦਾ ਉਠਾਉਣਾ ਚੋਣ ਕਮਿਸ਼ਨ ਦੇ ਅਧਿਕਾਰ 'ਚ ਨਹੀਂ, ਭਾਵੇਂ ਕਿ 65 ਲੱਖ ਵੋਟਰਾਂ ਦੇ ਨਾਂਅ ਕੱਟੇ ਜਾਣ ਸੰਬੰਧੀ ਸੁਪਰੀਮ ਕੋਰਟ 'ਚ ਸੁਣਵਾਈ ਹੋਈ ਹੈ, ਪਰ ਪਟੀਸ਼ਨ 'ਚ ਜਿਹੜੇ ਤੱਥ ਪੇਸ਼ ਕੀਤੇ ਗਏ ਹਨ, ਉਹ ਚੋਣ ਕਮਿਸ਼ਨ ਉੱਤੇ ਵੱਡੇ ਸਵਾਲ ਖੜੇ ਕਰਨ ਵਾਲੇ ਹਨ। ਇਹ ਸਵਾਲ ਪੁੱਛੇ ਜਾ ਰਹੇ ਹਨ ਕਿ 65 ਲੱਖ ਲੋਕਾਂ ਵਿੱਚੋਂ ਜਿਹੜੇ 22 ਲੱਖ ਮਰੇ ਕਹੇ ਜਾ ਰਹੇ ਹਨ, ਉਹਨਾਂ ਦਾ ਵੇਰਵਾ ਕਿੱਥੇ ਹੈ? 7 ਲੱਖ ਵੋਟਰ ਜਿਹਨਾਂ ਬਾਰੇ ਡੁਪਲੀਕੇਟ ਹੋਣ ਦੀ ਗੱਲ ਕਹੀ ਜਾ ਰਹੀ ਹੈ, ਉਹਨਾਂ ਦੇ ਵੇਰਵੇ ਕੀ ਹਨ? 35 ਲੱਖ ਵੋਟਰ ਜਿਹੜੇ ਬਿਹਾਰ ਛੱਡ ਗਏ ਦੱਸੇ ਜਾ ਰਹੇ ਹਨ, ਉਹ ਕਿਹੜੇ ਹਨ? ਸਿਰਫ਼ ਚੋਣ ਕਮਿਸ਼ਨ ਕਹਿ ਰਿਹਾ ਹੈ ਕਿ 1.2 ਲੱਖ ਵੋਟਰਾਂ ਨੇ ਵੋਟਾਂ ਦੇ ਕਲੇਮ ਦੇ ਫਾਰਮ ਜਮ੍ਹਾਂ ਨਹੀਂ ਕਰਵਾਏ।

ਇਹਨਾਂ ਤੱਥਾਂ ਤੋਂ ਜਾਪਦਾ ਹੈ ਕਿ ਚੋਣ ਕਮਿਸ਼ਨ ਕਿਸੇ ਵਿਸ਼ੇਸ਼ ਸਿਆਸੀ ਧਿਰ ਦੇ ਆਖੇ ਲੱਗ ਕੇ ਕੰਮ ਕਰ ਰਿਹਾ ਹੈ। ਉਹ ਲਗਾਤਾਰ ਆਪਣੇ ਹੱਕਾਂ ਤੇ ਸੀਮਾ ਦੀ ਉਲੰਘਣਾ ਕਰ ਰਿਹਾ ਹੈ, ਜਿਹੜੇ ਕਮਿਸ਼ਨ ਕੋਲ ਹੈ ਹੀ ਨਹੀਂ। ਇਹ ਇਸ ਗੱਲ ਤੋਂ ਵੀ ਸਿੱਧ ਹੋ ਰਿਹਾ ਜਾਪਦਾ ਹੈ ਕਿ ਜਿਵੇਂ ਰਾਹੁਲ ਗਾਂਧੀ ਨੇ ਤੱਥਾਂ ਅਧਾਰਤ ਸਬੂਤ ਪੇਸ਼ ਕੀਤੇ ਹਨ, ਉਹਨਾਂ ਦੀ ਬਕਾਇਦਾ ਪੜਤਾਲ ਕਰਨ ਦਾ ਯਤਨ ਕਰਦਾ, ਕਿਉਂਕਿ ਤਰੁੱਟੀਆਂ, ਤੱਥ ਉਸ ਵੱਲੋਂ ਦਿੱਤੇ ਰਿਕਾਰਡ ਵਿੱਚੋਂ ਹੀ ਦੱਸੇ ਜਾਂ ਲੱਭੇ ਗਏ ਹਨ। ਇਸ ਹਾਲਾਤ ਵਿੱਚ ਚੋਣ ਕਮਿਸ਼ਨ ਤੋਂ ਤਾਂ ਸਪੱਸ਼ਟਤਾ ਦੀ ਉਮੀਦ ਕੀਤੀ ਜਾਣੀ ਚਾਹੀਦੀ ਹੈ।

ਹਾਕਮ ਧਿਰ ਭਾਜਪਾ ਵੱਲੋਂ ਦੇਸ਼ ਵਿੱਚ ਲੋਕਤੰਤਰੀ ਕਦਰਾਂ-ਕੀਮਤਾਂ ਦਾ ਘਾਣ ਹੋ ਰਿਹਾ ਹੈ। ਚੋਣ ਕਮਿਸ਼ਨ ਅਤੇ ਹੋਰ ਸੰਸਥਾਵਾਂ ਨੂੰ ਆਪਣੀ ਗੱਦੀ ਸੁਰੱਖਿਅਤ ਕਰਨ ਲਈ ਵਰਤਿਆ ਜਾ ਰਿਹਾ ਹੈ, ਉਸੇ ਦਾ ਸਿੱਟਾ ਹੈ ਕਿ ਭਾਜਪਾ ਤੁਰੰਤ ਚੋਣ ਕਮਿਸ਼ਨ ਦੀ ਪਿੱਠ ਪੂਰਨ ਲਈ ਉਸ ਪਿੱਛੇ ਆ ਖੜੀ ਹੋਈ ਹੈ ਅਤੇ ਰਾਹੁਲ ਗਾਂਧੀ ਤੋਂ ਅਸਤੀਫ਼ਾ ਮੰਗਿਆ ਜਾ ਰਿਹਾ ਹੈ।

ਜਿਵੇਂ ਦੀ ਕਾਰਜਸ਼ੈਲੀ ਚੋਣ ਕਮਿਸ਼ਨ ਦੀ ਹੈ, ਉਸੇ ਕਿਸਮ ਦੀ ਕਾਰਜ਼ਸ਼ੈਲੀ ਦੇਸ਼ 'ਚ ਈ ਡੀ ਦੀ ਬਣੀ ਹੋਈ ਹੈ। ਉਸ ਦੀ ਭੂਮਿਕਾ ਉਸ ਦੇ ਅਧਿਕਾਰਾਂ ਅਤੇ ਸੀਮਾਵਾਂ 'ਤੇ ਸਵਾਲ ਉੱਠ ਰਹੇ ਹਨ। ਸਿਆਸੀ ਦਲ ਦੋਸ਼ ਲਾਉਂਦੇ ਹਨ ਕਿ ਈ.ਡੀ. ਬਦਲੇ ਦੀ ਭਾਵਨਾ ਨਾਲ ਕੰਮ ਕਰਦੀ ਹੈ। ਇਸ ਸੰਬੰਧੀ ਦੇਸ਼ ਦੀਆਂ ਹਾਈ ਕੋਰਟਾਂ ਅਤੇ ਸੁਪਰੀਮ ਕੋਰਟ 'ਚ ਵੀ ਉਸ ਨੂੰ ਕਟਹਿਰੇ 'ਚ ਖੜਾ ਹੋਣਾ ਪੈ ਰਿਹਾ ਹੈ, ਪਰ ਅਫ਼ਸੋਸਨਾਕ ਹੈ ਕਿ ਈ.ਡੀ. ਦੀ ਜਾਂਚ ਵਿੱਚ ਦੋਸ਼ੀ ਬਣਾਏ ਗਏ ਲੋਕ ਦੋਸ਼ੀ ਨਾ ਸਿੱਧ ਹੋਣ ਤੱਕ ਮਹੀਨਿਆਂ ਬੱਧੀ ਵਿਚਾਰਅਧੀਨ ਕੈਦੀਆਂ ਦੇ ਰੂਪ 'ਚ ਜੇਲ੍ਹ 'ਚ ਬੰਦ ਰਹਿੰਦੇ ਹਨ। ਸਵਾਲ ਪੁੱਛਿਆ ਜਾਣਾ ਬਣਦਾ ਹੈ ਕਿ ਧਨ ਦੀ ਵਰਤੋਂ, ਕਾਨੂੰਨ ਦੀ ਦੁਰਵਰਤੋਂ ਕਿਸ ਦੇ ਇਸ਼ਾਰੇ ਉੱਤੇ 'ਤੇ ਕਿਉਂ ਹੋ ਰਹੀ ਹੈ ? ਇਸ ਸੰਬੰਧੀ ਦੋਸ਼ ਸਿੱਧ ਹੋਣ ਦੀ ਦਰ 'ਤੇ ਵੀ ਸਵਾਲੀਆ ਚਿੰਨ੍ਹ ਹਨ । ਪਿਛਲੇ ਦਿਨੀਂ ਅਦਾਲਤ ਨੇ ਸਖ਼ਤੀ ਨਾਲ ਸਵਾਲ ਕਰਦਿਆਂ ਕਿਹਾ ਕਿ ਈ ਡੀ ਗੁੰਡੇ ਦੀ ਤਰ੍ਹਾਂ ਕੰਮ ਨਹੀਂ ਕਰ ਸਕਦੀ, ਉਸ ਨੂੰ ਕਾਨੂੰਨ ਦੇ ਦਾਇਰੇ 'ਚ ਰਹਿ ਕੇ ਕੰਮ ਕਰਨਾ ਚਾਹੀਦਾ ਹੈ। ਅਦਾਲਤ ਦੀ ਇਹ ਟਿੱਪਣੀ ਉਸ ਦੀ ਜਾਂਚ ਪ੍ਰਕਿਰਿਆ ਅਤੇ ਕਾਰਜਸ਼ੈਲੀ ਉੱਤੇ ਵੱਡਾ ਸਵਾਲ ਹੈ ਤੇ ਉਸ ਸੰਸਥਾ ਦਾ ਅਕਸ ਲੋਕਾਂ 'ਚ ਨਾਕਾਰਾਤਮਕ ਹੋ ਰਿਹਾ ਹੈ।

ਪਿਛਲੇ ਦਿਨੀਂ ਵੀ ਸਰਬ ਉੱਚ ਅਦਾਲਤ ਨੇ ਕਿਹਾ ਸੀ ਕਿ ਈ ਡੀ ਸਾਰੀਆਂ ਹੱਦਾਂ ਪਾਰ ਕਰ

14 Aug Page 5.qxd 8/13/2025 10:37 PM Page 1

ਸੰਯੁਕਤ ਕਿਸਾਨ ਮੋਰਚੇ ਨੇ ਪੰਜਾਬ ਸਰਕਾਰ ਨੂੰ ਝੁਕਣ ਲਈ ਮਜਬੂਰ ਕੀਤਾ : ਕੋਟ ਭਾਰਾ/ਤੁੰਗਵਾਲੀ

ਤਲਵੰਡੀ ਸਾਬੋ (ਜਗਦੀਪ ਗਿੱਲ)- ਪੰਜਾਬ ਦੀ ਆਪ ਸਰਕਾਰ ਹਰ ਕਦਮ ਵਿਚ ਯੂ ਟਰਨ ਲੈਣ ਵਿੱਚ ਮੁਹਾਰਤ ਹਾਸਲ ਕਰ ਚੁੱਕੀ ਹੈ ਅਤੇ ਇਸ ਨੀਤੀ 'ਤੇ ਚਲਦਿਆਂ ਪੰਜਾਬ ਸਰਕਾਰ ਨੇ ਸੰਯੁਕਤ ਕਿਸਾਨ ਮੋਰਚੇ ਅਤੇ ਲੋਕਾਂ ਦੇ ਰੋਹ ਤੋਂ ਡਰਦਿਆਂ ਲੈਂਡ ਪੂਲਿੰਗ ਨੀਤੀ ਵਾਪਸ ਲੈਣ ਦਾ ਫੈਸਲਾ ਕੀਤਾ ਹੈ, ਕਿਉਂਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ 24 ਅਗਸਤ ਨੂੰ ਕੀਤੀ ਜਾਣ ਵਾਲੀ ਮਹਾਂ ਪੰਚਾਇਤ ਨੇ ਪੰਜਾਬ ਸਰਕਾਰ ਦੀਆਂ ਜੜ੍ਹਾਂ ਹਿਲਾ ਦੇਣੀਆਂ ਸਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਜ਼ਿਲ੍ਹਾ ਪ੍ਰਧਾਨ ਰਾਜਮਹਿੰਦਰ ਸਿੰਘ ਕੋਟ ਭਾਰਾ ਅਤੇ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਬੂਟਾ ਸਿੰਘ ਤੁੰਗਵਾਲੀ ਨੇ ਕੀਤਾ । ਕਿਸਾਨ ਆਗੂਆਂ ਨੇ ਦਾਅਵਾ ਕੀਤਾ ਕਿ ਮੁੱਖ ਮੰਤਰੀ ਪੰਜਾਬ ਜੋ ਦਿੱਲੀ ਦੇ ਇਸ਼ਾਰਿਆਂ 'ਤੇ ਕੰਮ ਕਰ ਰਿਹਾ ਸੀ, ਨੂੰ ਲੱਗਦਾ ਕਿਸਾਨ ਜਥੇਬੰਦੀਆਂ ਦਾ ਪ੍ਰਭਾਵ ਹੁਣ ਚੰਗੀ ਤਰ੍ਹਾਂ ਸਮਝ ਜਾਣ ਤੋਂ ਬਾਅਦ ਹੀ ਸਰਕਾਰ ਨੂੰ ਹੱਥਾਂ ਪੈਰਾਂ ਦੀ ਪੈ ਗਈ ਸੀ ਪਰ ! ਸੰਯੁਕਤ ਕਿਸਾਨ ਮੋਰਚੇ ਵੱਲੋਂ 24 ਅਗਸਤ ਨੂੰ ਸਮਰਾਲਾ ਵਿਚ ਕੀਤੀ ਜਾਣ ਵਾਲੀ ਮਹਾਂ ਪੰਚਾਇਤ ਹੁਣ ਜੇਤੂ ਰੈਲੀ ਵਜੋਂ ਕੀਤੀ ਜਾਵੇਗੀ ਅਤੇ ਆਉਣ ਵਾਲੇ ਸਮੇਂ ਵਿਚ ਸਰਕਾਰ ਨੂੰ ਦੱਸਿਆ ਜਾਵੇਗਾ ਕਿ ਜ਼ਜਕਰ ਜਥੇਬੰਦੀਆਂ ਕੇਂਦਰ ਸਰਕਾਰ ਤੋਂ ਤਿੰਨ ਕਾਲੇ ਕਿਸਾਨ ਮਾਰੂ ਕਨੂੰਨ ਵਾਪਸ ਕਰਵਾ ਸਕਦੀਆਂ ਹਨ ਤਾਂ ਪੰਜਾਬ ਸਰਕਾਰ ਦਾ ਲੋਕਾਂ ਨਾਲ ਕੀਤਾ ਜਾਣ ਵਾਲਾ ਧੱਕਾ ਹਰਗਿਜ਼ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਭਾਰਤੀ ਕਮਿਊਨਿਸਟ ਪਾਰਟੀ ਦੀ ਕਾਰਜਕਾਰਨੀ ਦੀ ਮੀਟਿੰਗ

ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)- ਇੱਥੇ ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਸੰਗਰੂਰ ਦੀ ਕਾਰਜਕਾਰਨੀ ਦੀ ਮੀਟਿੰਗ ਅਣਖੀ ਭਵਨ ਸੁਨਾਮ ਵਿਖੇ ਹੋਈ, ਜਿਸ ਦੀ ਪ੍ਰਧਾਨਗੀ ਸਾਥੀ ਹਰਦੇਵ ਸਿੰਘ ਬਖਸ਼ੀਵਾਲਾ ਨੇ ਕੀਤੀ। ਮੀਟਿੰਗ ਵਿੱਚ ਹੋਏ ਫੈਸਲਿਆਂ ਦੀ ਰਿਪੋਰਟਿੰਗ ਕਰਦਿਆਂ ਸਾਥੀ ਸੁਖਦੇਵ ਸ਼ਰਮਾ ਜ਼ਿਲ੍ਹਾ ਸਕੱਤਰ ਸੀ ਪੀ ਆਈ ਜ਼ਿਲ੍ਹਾ ਸੰਗਰੂਰ ਨੇ ਦੱਸਿਆ ਕਿ 21 ਅਗਸਤ ਨੂੰ ਇੱਕ ਜਥਾ ਸ਼ਹੀਦ ਊਧਮ ਸਿੰਘ ਸੁਨਾਮ ਦੇ ਸਮਾਰਕ ਤੋਂ ਸ਼ੁਰੂ ਕੀਤਾ ਜਾਏਗਾ ਜੋ ਭਾਰਤੀ ਕਮਿਊਨਿਸਟ ਪਾਰਟੀ ਦੇ 25ਵੇਂ ਮਹਾ ਸੰਮੇਲਨ ਦੇ ਸਬੰਧ ਵਿੱਚ ਪ੍ਰਚਾਰ ਕਰੇਗਾ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਇੱਕ ਗੱਡੀ ਪਾਰਟੀ ਦੇ ਪ੍ਰਚਾਰ ਸਮੱਗਰੀ ਨਾਲ ਸ਼ਿੰਗਾਰੀ ਜਾਏਗੀ ਤੇ ਉਸ ਦੇ ਅੱਗੇ ਛੋਟੀਆਂ ਗੱਡੀਆਂ ਤੋਂ ਇਲਾਵਾ ਵੱਡਾ ਮੋਟਰਸਾਈਕਲ ਜਥਾ ਹੋਏਗਾ। ਸਵੇਰੇ ਲੀਡਰਸ਼ਿਪ ਸ਼ਹੀਦ ਊਧਮ ਸਿੰਘ ਦੇ ਘਰ ਆਪਣੀ ਹਾਜ਼ਰੀ ਲਾਏਗੀ, ਉਸ ਉਪਰੰਤ ਸੁਨਾਮ ਮਾਨਸਾ ਰੋਡ 'ਤੇ ਸ਼ਹੀਦ ਊਧਮ ਸਿੰਘ ਦੇ ਬਣੇ ਸਮਾਰਕ ਤੋਂ ਪ੍ਰਚਾਰ ਲਈ ਇੱਕ ਜਥਾ ਤੋਰੇਗੀ। ਇਸ ਜਥੇ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਦੇ ਉੱਚਪਾਏ ਦੇ ਆਗੂ ਸਾਥੀ ਨਿਰਮਲ ਸਿੰਘ ਧਾਲੀਵਾਲ ਅਤੇ ਸਾਥੀ ਹਰਦੇਵ ਅਰਸ਼ੀ ਸਾਬਕਾ ਵਿਧਾਇਕ ਸਾਥੀ ਬਲਦੇਵ ਸਿੰਘ ਨਿਹਾਲਗੜ੍ਹ ਮੈਂਬਰ ਸਕੱਤਰੇਤ ਸੀ ਪੀ ਆਈ ਪੰਜਾਬ ਤੋਂ ਇਲਾਵਾ ਸੁਖਦੇਵ ਸ਼ਰਮਾ ਸਕੱਤਰ ਜ਼ਿਲ੍ਹਾ ਸੰਗਰੂਰ ਤੇ ਹੋਰ ਆਗੂ ਸਾਥੀ ਨਾਲ ਹੋਣਗੇ। ਇਹ ਜਥਾ ਸੁਨਾਮ 'ਚ ਆਪਣਾ ਪ੍ਰਚਾਰ ਕਰਦਾ ਹੋਇਆ ਛਾਜਲੀ ਪਹੁੰਚੇਗਾ। ਉਸ ਤੋਂ ਬਾਅਦ ਉਗਰਾਹਾਂ ਜਥੇਪਲ ਹੁੰਦਾ ਹੋਇਆ ਚੀਮੇ ਪਹੁੰਚ ਕੇ ਸੰਗਰੂਰ ਜ਼ਿਲ੍ਹੇ ਦੀ ਲੀਡਰਸ਼ਿਪ ਵੱਲੋਂ ਇਹ ਜਥਾ ਮਾਨਸਾ ਜ਼ਿਲ੍ਹੇ ਦੀ ਲੀਡਰਸ਼ਿਪ ਨੂੰ ਸੰਭਾਲ ਦਿੱਤਾ ਜਾਏਗਾ। ਇਸ ਸਬੰਧੀ ਸਾਥੀਆਂ ਦੀਆਂ ਡਿਊਟੀਆਂ ਲਾਈਆਂ ਗਈਆਂ। ਮੋਟਰਸਾਈਕਲਾਂ 'ਤੇ ਗੱਡੀ ਤੇ ਹੋਰ ਗੱਡੀਆਂ ਦੇ ਪ੍ਰਬੰਧ ਦੀਆਂ ਜ਼ਿੰਮੇਵਾਰੀਆਂ ਲਾਈਆਂ ਗਈਆਂ। ਅੱਜ ਦੀ ਮੀਟਿੰਗ ਵਿੱਚ ਪਾਰਟੀ ਵੱਲੋਂ 25ਵੇਂ ਮਹਾ ਸੰਮੇਲਨ ਦੀ ਤਿਆਰੀ ਅਤੇ ਮੁਹਾਲੀ ਵਿਖੇ ਹੋ ਰਹੀ ਵਿਸ਼ਾਲ ਰੈਲੀ ਦੇ ਕੱਢੇ ਪੋਸਟਰ ਨੂੰ ਵੀ ਜ਼ਿਲ੍ਹਾ ਕਾਰਜਕਾਰਨੀ ਦੀ ਵਧਾਈ ਹੋਈ ਮੀਟਿੰਗ ਵਿੱਚ ਜਾਰੀ ਕੀਤਾ। ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਸਾਥੀ ਸਤਵੰਤ ਸਿੰਘ ਖੰਡੇਬਾਦ, ਸੰਪੂਰਨ ਸਿੰਘ ਐਡਵੋਕੇਟ ਛਾਜਲੀ, ਸਾਥੀ ਬ੍ਰਿਜ ਲਾਲ ਧਮਾਨ, ਸਾਥੀ ਜਗਦੇਵ ਸਿੰਘ ਬਾਹੀਆ, ਨਿਰਮਲ ਸਿੰਘ ਬਟੜੇਆਣਾ, ਨਵਜੀਤ ਸਿੰਘ ਸੰਗਰੂਰ, ਗੁਰਮੁਖ ਸਿੰਘ ਧੂਰੀ, ਡਾਕਟਰ ਮਨਿੰਦਰ ਧਾਲੀਵਾਲ, ਨੀਲੇ ਖਾਂ ਅਤੇ ਬਲਵਿੰਦਰ ਸਿੰਘ ਖੰਡੇਬਾਦ, ਇੰਦਰ ਸਿੰਘ ਧੂਰੀ ਤੋਂ ਇਲਾਵਾ ਰਾਮ ਸਰੂਪ ਟੋਪਲੀ ਤੇ ਭਾਈ ਜੀਤ ਸਿੰਘ ਬੰਗਾ, ਕਰਨੈਲ ਸਿੰਘ ਛਾਜਲੀ, ਕਰਮ ਚੰਦ ਮਾਰਕੰਡਾ, ਲਵਪ੍ਰੀਤ ਸਿੰਘ ਭੁਟਾਲ ਅਤੇ ਹੋਰ ਸਾਥੀ ਹਾਜ਼ਰ ਸਨ। ਅੰਤ 'ਤੇ ਸਾਥੀ ਸੁਖਦੇਵ ਸ਼ਰਮਾ ਨੇ ਸਾਰੇ ਸਾਥੀਆਂ ਨੂੰ ਪੁਰਜ਼ੋਰ ਬੇਨਤੀ ਕੀਤੀ ਕਿ ਇਨ੍ਹਾਂ ਫੈਸਲਿਆਂ ਦੀ ਪੂਰਤੀ ਹਰ ਹਾਲਤ ਵਿੱਚ ਕੀਤੀ ਜਾਵੇ। ਮੀਟਿੰਗ ਦੇ ਅੰਤ 'ਤੇ ਸਾਥੀ ਹਰਦੇਵ ਸਿੰਘ ਬਖਸ਼ੀਵਾਲਾ ਨੇ ਸਾਰੇ ਸਾਥੀਆਂ ਦਾ ਧੰਨਵਾਦ ਕੀਤਾ ।

ਮਾਤਾ ਨੈਣਾ ਦੇਵੀ ਲੰਗਰ ਕਮੇਟੀ ਨੇ ਲਾਇਆ ਵਿਸ਼ਾਲ ਲੰਗਰ

ਨਾਭਾ (ਵਰਿੰਦਰ ਵਰਮਾ) ਸ੍ਰੀ ਨੈਣਾਂ ਦੇਵੀ ਲੰਗਰ ਕਮੇਟੀ ਨਵੀਂ ਅਨਾਜ ਮੰਡੀ ਨਾਭਾ ਵੱਲੋਂ ਪ੍ਰਧਾਨ ਜੀਵਨ ਲਾਲ ਗੁਪਤਾ ਅਗੋਲ ਵਾਲੇ, ਸਕੱਤਰ ਰਵਨੀਸ਼ ਗੋਇਲ, ਕੈਸ਼ੀਅਰ ਸੰਜੀਵ ਜਿੰਦਲ, ਉਪ ਪ੍ਰਧਾਨ ਵਿਨੇ ਗੁਪਤਾ ਤੇ ਹੋਰ ਆੜ੍ਹਤੀ ਭਾਈਚਾਰੇ ਵੱਲੋਂ ਸਾਵਣ ਦੇ ਮਹੀਨੇ ਬਿਲਾਸਪੁਰ ਹਿਮਾਚਲ ਪ੍ਰਦੇਸ਼ ਵਿਖੇ ਸ਼ਰਧਾਲੂਆਂ ਲਈ ਲੰਗਰ ਲਾਇਆ ਜਾਂਦਾ ਹੈ। ਇਸ ਸਾਲ ਵੀ ਨਵੀਂ ਅਨਾਜ ਮੰਡੀ ਵਿਖੇ ਸੰਸਥਾ ਵੱਲੋਂ ਵਿਸ਼ਾਲ ਲੰਗਰ ਲਾਇਆ ਗਿਆ, ਜਿਸ ਵਿੱਚ ਆਲੂ ਪੂੜੀ, ਪ੍ਰਸ਼ਾਦ, ਖੀਰ ਆਉਣ ਜਾਣ ਵਾਲੇ ਰਾਹਗੀਰਾਂ ਨੂੰ ਵਰਤਾਇਆ ਗਿਆ।ਪ੍ਰਧਾਨ ਜੀਵਨ ਲਾਲ ਗੁਪਤਾ ਨੇ ਕਿਹਾ ਕਿ ਇਹ ਲੰਗਰ 60 ਸਾਲਾਂ ਤੋਂ ਵੱਧ ਸਮੇਂ ਤੋਂ ਇਸ ਤਰ੍ਹਾਂ ਮਾਤਾ ਦੇ ਦਰਸ਼ਨਾਂ ਲਈ ਆਉਣ-ਜਾਣ ਵਾਲੇ ਸ਼ਰਧਾਲੂਆਂ ਲਈ ਭੇਜਿਆ ਜਾਂਦਾ ਹੈ ਤੇ ਕਈ ਦਿਨਾਂ ਤੋਂ ਹਰ ਰੋਜ਼ ਵੱਖ-ਵੱਖ ਤਰ੍ਹਾਂ ਦੇ ਪਕਵਾਨ ਬਣਾਏ ਜਾਂਦੇ ਹਨ, ਜੋ ਇਹ ਲੰਗਰ ਸ਼ਰਧਾਲੂਆਂ ਵਿੱਚ ਵੰਡਿਆ ਜਾਂਦਾ ਹੈ ਤੇ ਭਵਿੱਖ ਵਿੱਚ ਵੀ ਇਹ ਲੰਗਰ ਮਾਤਾ ਜੀ ਦੇ ਆਸ਼ੀਰਵਾਦ ਨਾਲ ਅੱਗੇ ਤੋਂ ਵੀ ਜਾਰੀ ਰਹੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਆੜ੍ਹਤੀਆ ਐਸੋਸੀਏਸ਼ਨ ਪ੍ਰਧਾਨ ਕਰਮਜੀਤ ਸਿੰਘ ਭੋਲੀ, ਸਾਬਕਾ ਪ੍ਰਧਾਨ ਸੁਰਿੰਦਰ ਗੁਪਤਾ, ਅਗਰਵਾਲ ਸਭਾ ਜ਼ਿਲ੍ਹਾ ਪ੍ਰਧਾਨ ਓਮ ਪ੍ਰਕਾਸ਼ ਠੇਕੇਦਾਰ, ਅਜੀਤ ਕੁਮਾਰ ਗੁਪਤਾ, ਅਨੁਜ ਕੁਮਾਰ, ਪ੍ਰਦੀਪ ਗੁਪਤਾ, ਰੌਬਿਨ ਗੁਪਤਾ, ਜਨਕ ਰਾਜ ਗਰਗ, ਚਮਨ ਲਾਲ ਬਰਸਟ, ਭੁਸ਼ਣ ਗਰਗ, ਦੀਪਕ ਗੁਪਤਾ, ਰਜ਼ਨੀਸ਼ ਮਿੱਤਲ ਸ਼ੈਲੀ, ਅੰਮ੍ਰਿਤ ਪਾਲ ਰਿਕਾ, ਦਕਸ਼ ਸਿੰਗਲਾ, ਸੁਰਿੰਦਰ ਸਿੰਗਲਾ, ਸਤੀਸ਼ ਕੁਮਾਰ, ਨਰੇਸ਼ ਕੁਮਾਰ, ਰਾਜਿੰਦਰ ਕੁਮਾਰ ਪਿੰਟੂ, ਅਭਿਨਵ ਗੋਇਲ, ਰਾਕੇਸ਼ ਗੋਇਲ, ਰੋਬਿਨ ਗੁਪਤਾ, ਪ੍ਰੇਮ ਕੁਮਾਰ ਰੋਹਟੀ, ਧਰਮ ਪਾਲ, ਸ਼ੈਂਟੀ ਬਾਵਾ, ਪ੍ਰਿੰਸ ਕੁਮਾਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਆੜ੍ਹਤੀਆ ਭਾਈਚਾਰਾ ਹਾਜ਼ਰ ਸੀ।

ਸੰਨੀ ਗਿੱਲ ਨੇ ਨਵੇਂ ਚੁਣੇ ਸਰਕਲ ਪ੍ਰਧਾਨਾਂ ਦਾ ਕੀਤਾ ਸਨਮਾਨ

ਮੋਗਾ (ਇਕਬਾਲ ਸਿੰਘ ਖਹਿਰਾ) ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਦਿਸ਼ਾ ਨਿਰਦੇਸ਼ਾਂ ਤੇ ਸਮੁੱਚੇ ਮੋਗਾ ਜ਼ਿਲ੍ਹੇ ਦੇ ਚਾਰੇ ਹਲਕਿਆਂ ਤੋਂ ਦਿਹਾਤੀ ਸਰਕਲ ਪ੍ਰਧਾਨ ਲਾਏ ਗਏ ਸਨ ਤੇ ਅੱਜ ਸਰਕਲ ਪ੍ਰਧਾਨਾਂ ਲਈ ਇੱਕ ਵਿਸ਼ੇਸ ਸਨਮਾਨ ਸਮਾਰੋਹ ਹਲਕਾ ਇੰਚਾਰਜ ਮੋਗਾ ਸੰਜੀਤ ਸਿੰਘ ਸੰਨੀ ਗਿੱਲ ਦੀ ਅਗਵਾਈ 'ਚ ਸੰਨੀ ਟਾਵਰ 'ਤੇ ਰੱਖਿਆ ਗਿਆ। ਸਮਾਗਮ ਦੌਰਾਨ ਜ਼ਿਲ੍ਹਾ ਪ੍ਰਧਾਨ ਨਿਹਾਲ ਸਿੰਘ ਤਲਵੰਡੀ ਭੰਗੇਰੀਆਂ, ਕੋਰ ਕਮੇਟੀ ਮੈਂਬਰ ਜਥੇਦਾਰ ਤੀਰਥ ਸਿੰਘ ਮਾਹਲਾ, ਅਬਜਰਵਰ ਰਾਜਵਿੰਦਰ ਸਿੰਘ ਧਰਮਕੋਟ, ਸੀਨੀਅਰ ਆਗੂ ਖਣਮੁੱਖ ਭਾਰਤੀ ਪੱਤੋ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਤਰਸੇਮ ਸਿੰਘ ਰੱਤੀਆਂ, ਸੀਨੀਅਰ ਅਕਾਲੀ ਆਗੂ ਰਜਿੰਦਰ ਸਿੰਘ ਡੱਲਾ, ਸੀਨੀਅਰ ਆਗੂ ਬੂਟਾ ਸਿੰਘ ਦੌਲਤਪੁਰਾ, ਜ਼ਿਲ੍ਹਾ ਪ੍ਰਧਾਨ ਦਿਹਾਤੀ ਹਰਜੋਤ ਸਿੰਘ ਡੇਮਰੂ, ਸੁਖਬੀਰ ਸਿੰਘ ਗਿੱਲ ਹਲਕਾ ਇੰਚਾਰਜ ਯੂਥ, ਯੂਥ ਕੋਰ ਕਮੇਟੀ ਮੈਂਬਰ ਸੁਖਜੀਤ ਸਿੰਘ ਮਾਹਲਾ, ਸੁਰਜੀਤ ਸਿੰਘ ਸੰਧੂਆਂ ਵਾਲਾ ਸਾਬਕਾ ਸਰਪੰਚ ਤੇ ਹੋਰ ਆਗੂਆਂ ਤੇ ਵਰਕਰਾਂ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ।ਸਮਾਗਮ ਦੌਰਾਨ ਸਰਕਲ ਚੜਿੱਕ ਤੋਂ ਗੁਰਬਿੰਦ ਸਿੰਘ ਸਿੰਘਾ ਵਾਲਾ, ਸਰਕਲ ਘੱਲ ਕਲਾਂ ਤੋਂ ਨਰਿੰਦਰ ਸਿੰਘ ਗਿੱਲ ਬੁੱਕਣ ਵਾਲਾ, ਸਰਕਲ ਦੌਲਤਪੁਰਾ ਤੋਂ ਰਵਦੀਪ ਸਿੰਘ ਸੰਘਾ ਦਾਰਾਪੁਰ ਤੇ ਸਰਕਲ ਖੋਸਾ ਤੋਂ ਬਿਨੈਪਾਲ ਸਿੰਘ ਖੋਸਾ, ਸਰਕਲ ਮਹੇਸਰੀ ਤੋਂ ਮਾਸਟਰ ਗੁਰਦੀਪ ਸਿੰਘ ਮਹੇਸ਼ਰੀ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ। ਸੰਜੀਤ ਸਿੰਘ ਸੰਨੀ ਗਿੱਲ ਨੇ ਬੋਲਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਭਾਵੇਂ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ, ਪਰ ਸ਼੍ਰੋਮਣੀ ਅਕਾਲੀ ਦਲ ਦੇ ਵਰਕਰ ਪਾਰਟੀ ਅਤੇ ਪਾਰਟੀ ਦੇ ਆਗੂਆਂ ਦੇ ਨਾਲ ਚਟਾਨ ਵਾਂਗ ਖੜੇ ਹਨ ਤੇ ਪਾਰਟੀ ਹਰ ਚੁਣੌਤੀ ਨੂੰ ਸਵੀਕਾਰ ਕਰਕੇ ਜਿੱਤ ਪ੍ਰਾਪਤ ਕਰਨਗੇ।ਨਵੇਂ ਬਣੇ ਅਕਾਲੀ ਦਲ 'ਤੇ ਗਿਆਨੀ ਹਰਪ੍ਰੀਤ ਸਿੰਘ ਨੂੰ ਪ੍ਰਧਾਨ ਤੇ ਬੀਬੀ ਸਤਵੰਤ ਕੌਰ ਨੂੰ ਚੇਅਰਪਰਸਨ ਚੁਣਿਆ ਗਿਆ ਹੈ ਤੇ ਇਸ ਚੋਣ ਨੇ ਇਹ ਸਾਬਤ ਕਰ ਦਿੱਤਾ ਨਵੇਂ ਅਕਾਲੀ ਦਲ ਦੇ ਆਗੂਆਂ ਵਿੱਚ ਅਹੁਦਿਆਂ ਦੀ ਭੁੱਖ ਤੇ ਜ਼ਿਦ ਭਾਰੂ ਹੈ ਅਤੇ ਹੈਰਤਅੰਗੇਜ਼ ਗੱਲ ਇਹ ਹੈ ਕਿ ਪ੍ਰਧਾਨ ਦੀ ਚੋਣ ਵੇਲੇ ਪੰਜ ਮੈਂਬਰੀ ਕਮੇਟੀ ਨੂੰ ਪੂਰੀ ਤਰ੍ਹਾਂ ਅੱਖੋਂ ਓਹਲੇ ਕਰਕੇ ਇੱਕ ਜ਼ਿਦ ਨਾਲ ਗਿਆਨੀ ਹਰਪ੍ਰੀਤ ਸਿੰਘ ਨੂੰ ਪ੍ਰਧਾਨ ਚੁਣ ਲਿਆ ਗਿਆ ਅਤੇ ਆਉਣ ਵਾਲੇ ਦਿਨਾਂ ਵਿੱਚ ਅਹੁਦਿਆਂ ਦੀ ਲਾਲਸਾ ਰੱਖਣ ਵਾਲੇ ਆਗੂ ਬਗਾਵਤ ਕਰਦੇ ਦਿਸਣਗੇ।

ਬੱਚਿਆਂ ਨੂੰ ਦੋਸਤੀ ਦੀ ਮਹੱਤਤਾ ਬਾਰੇ ਜਾਣੂ ਕਰਾਇਆ

ਅਜੀਤਵਾਲ (ਨਛੱਤਰ ਸੰਧੂ) ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਵਿਦਿਆਰਥੀਆਂ ਨੂੰ ਦੋਸਤੀ ਦੀ ਮਹੱਤਤਾ ਬਾਰੇ ਦੱਸਿਆ ਗਿਆ।ਸਕੂਲ 'ਚ ਅੱਜ ਛੋਟੇ ਬੱਚਿਆਂ ਲਈ ਇੱਕ ਖਾਸ ਤੇ ਪਿਆਰ ਭਰੀ ਕਲਾਸ ਨਾਲ ਆਯੋਜਨ ਕੀਤਾ ਗਿਆ, ਜਿਸ ਵਿੱਚ ਉਨ੍ਹਾਂ ਨੂੰ ਦੋਸਤੀ ਦੀ ਅਸਲ ਮਹੱਤਤਾ ਬਾਰੇ ਬਹੁਤ ਹੀ ਸੁੰਦਰ ਤੇ ਪ੍ਰੇਰਣਾਦਾਇਕ ਢੰਗ ਨਾਲ ਜਾਣੂ ਕਰਾਇਆ ਗਿਆ। ਅਧਿਆਪਕਾਂ ਨੇ ਮਿੱਠੇ ਸ਼ਬਦਾਂ ਤੇ ਦਿਲ ਛੂਹਣ ਵਾਲੀਆਂ ਕਹਾਣੀਆਂ ਰਾਹੀਂ ਸਮਝਾਇਆ ਕਿ ਦੋਸਤੀ ਜੀਵਨ ਦਾ ਸਭ ਤੋਂ ਕੀਮਤੀ ਰਿਸ਼ਤਾ ਹੈ। ਸੱਚੀ ਦੋਸਤੀ ਵਿੱਚ ਕੋਈ ਸਵਾਰਥ ਨਹੀਂ ਹੁੰਦਾ।ਇਹ ਪਿਆਰ ਭਰੋਸੇ ਸਹਿਯੋਗ ਤੇ ਇੱਜ਼ਤ ਦੇ ਅਧਾਰਤ ਹੁੰਦੀ ਹੈ।ਬੱਚਿਆਂ ਨੇ ਆਪਣੇ ਦੋਸਤਾਂ ਨਾਲ ਜੁੜੀਆਂ ਯਾਦਾਂ ਤੇ ਮਨਮੋਹਕ ਕਹਾਣੀਆਂ ਸਾਂਝੀਆਂ ਕੀਤੀਆਂ, ਜਿਨ੍ਹਾਂ ਨੂੰ ਸੁਣ ਕੇ ਸਾਰਾ ਮਾਹੌਲ ਹੱਸਿਆ ਅਤੇ ਪਿਆਰ ਨਾਲ ਭਰ ਗਿਆ। ਸਕੂਲ ਵਿੱਚ ਰੰਗ ਬਿਰੰਗੇ ਪੋਸਟਰ ਬਣਾਉਣ, ਦੋਸਤੀ ਦੇ ਗੀਤ ਗਾਉਣਾ, ਕਵਿਤਾ ਪਾਠ ਤੇ ਟੀਮ ਵਰਗੀਆਂ ਰਸ ਭਰੀਆਂ ਗਤੀਵਿਧੀਆਂ ਕਰਾਈਆਂ ਗਈਆਂ।ਇਨ੍ਹਾਂ ਗਤੀਵਿਧੀਆਂ ਰਾਹੀਂ ਬੱਚਿਆਂ ਨੇ ਸਾਂਝ ਮਿਲਾਪ ਤੇ ਇੱਕ ਦੂਜੇ ਦੀ ਕਦਰ ਕਰਨ ਦੇ ਗੁਣ ਸਿਖੇ ਆਖਰ ਵਿੱਚ ਅਧਿਆਪਕਾਂ ਨੇ ਬੱਚਿਆਂ ਨੂੰ ਇਹ ਸੋਹਣਾ ਸੰਦੇਸ਼ ਦਿੱਤਾ ਕਿ ਦੋਸਤੀ ਇੱਕ ਅਨਮੋਲ ਖਜ਼ਾਨਾ ਹੈ, ਜਿਸ ਦੀ ਰੱਖਿਆ ਪਿਆਰ, ਸੱਚਾਈ ਤੇ ਸਬਰ ਨਾਲ ਕਰਨੀ ਚਾਹੀਦੀ ਹੈ।

ਦਸਮੇਸ਼ ਸਕੂਲ ਦੇ ਰਾਜਨ ਕੁਮਾਰ ਨੇ ਨੀਟ 'ਚ ਹਾਸਲ ਕੀਤਾ 32ਵਾਂ ਰੈਂਕ

ਸਰਦੂਲਗੜ੍ਹ (ਅਵਤਾਰ ਜਟਾਣਾ)- ਦਸਮੇਸ਼ ਕਾਨਵੈਂਟ ਸੀਨੀ. ਸੈਕੰ. ਸਕੂਲ ਸਰਦੂਲਗੜ੍ਹ ਦੇ ਹੋਣਹਾਰ ਵਿਦਿਆਰਥੀ ਰਾਜਨ ਕੁਮਾਰ ਸਪੁੱਤਰ ਸ੍ਰੀ ਕ੍ਰਿਸ਼ਨਜੀਤ ਪਿੰਡ ਰੋੜਕੀ ਨੇ ਐਮ.ਬੀ.ਬੀ.ਐਸ. ਵਿੱਚ ਦਾਖਲੇ ਲਈ ਓ.ਬੀ.ਸੀ. ਸ਼੍ਰੇਣੀ ਵਿੱਚ 32ਵਾਂ ਰੈਂਕ ਹਾਸਲ ਕਰਕੇ ਮਾਨਸਾ ਜ਼ਿਲ੍ਹੇ, ਆਪਣੇ ਪਿੰਡ, ਆਪਣੇ ਸਕੂਲ ਦਾ ਅਤੇ ਅਧਿਆਪਕਾਂ, ਮਾਪਿਆਂ ਦਾ ਨਾਮ ਰੋਸ਼ਨ ਕੀਤਾ ਹੈ। ਨੀਟ 2025 ਲਈ ਰਾਜਨ ਨੂੰ 32ਵਾਂ ਰੈਂਕ ਮਿਲਣ ਕਰਕੇ ਪੰਜਾਬ ਦੇ ਟਾਪ ਕਾਲਜ ਸਰਕਾਰੀ ਰਜਿੰਦਰਾ ਮੈਡੀਕਲ ਕਾਲਜ ਪਟਿਆਲਾ ਵਿਖੇ ਦਾਖਲਾ ਮਿਲ ਗਿਆ। ਪ੍ਰਿੰਸੀਪਲ ਭੁਪਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਸਾਡੇ ਲਈ ਬੜੇ ਮਾਣ ਵਾਲੀ ਗੱਲ ਹੈ ਕਿ ਕ੍ਰਿਸ਼ਨਜੀਤ ਰੋੜਕੀ ਜੋ ਕਿ ਬੜੇ ਹੀ ਸਧਾਰਨ ਪਰਵਾਰ ਨਾਲ ਸਬੰਧਤ ਹੈ ਜਿਸ ਨੇ ਬੜੀ ਮਿਹਨਤ ਨਾਲ ਆਪਣੇ ਬੱਚੇ ਸਾਡੇ ਕੋਲ ਸ਼ੁਰੂ ਤੋਂ ਪੜਾਏ ਜਿਸ ਵਿੱਚ ਪਹਿਲਾ ਹੀ ਰੋਸ

14- August - Page - 6.qxd 8/13/2025 10:54 PM Page 1

Change of Name

I, Neetu Khanna W/O Tarun Khanna R/O H.No.5, Mandir Wali Gali, Ranjit Vihar, Loharka Road, Amritsar,Punjab have changed my name from Neetu Khanna to Nitu Khanna.Concerned note.

I Simranjeet Kaur W/o Gurdial Resident of H.No. 109, Sharifpura, Bootan Mandi, Jalandhar city - 144003, Punjab, India I have changed my name from Simranjeet Kaur to Simerjit. All please note.

I, Mandeep Kumar S/o Hans Raj, R/o Village Bulandpur, PO:Nurpur, Dist. Jalandhar have changed my name from Mandeep Kumar to Kumar Mandeep.

I Varinder s/o Sardari Lal,R/o H no. 136, Shakti Nagar, Jalandhar have changed my name from Varinder to Varinder Kumar.

I Varinder Kumar s/o Sardari Lal,R/o H no. 136, Shakti Nagar, Jalandhar declare that my given name is Varinder Kumar.

I Tania w/o Lovepreet chouhan r/o vill nahal , pandori nijjran jalandhar punjab 144102 have changed my name Tania to Tania chouhan.

I Baljeet Singh S/O S. Sukhdev Singh, R/O Ladhu Wala Uttar, Tehsil Jalalabad,District Fazilka,have changed my Name From Baljeet Singh to Baljeet Singh Bhullar.

I, MOHAMED RAFI S/o YUSSF, Residing at Village Mahi Chak,Kataru Chak PO Farida Nagar, Tehsil & Distt Pathankot Punjab-145025, have changed the name of my minor daughter KHADIA, aged 12 years and she shall hereafter be known as SAZIA.

I, Mehakdeep Singh S/o Gurdev Singh R/o Bhakna Kalan District Amritsar have declare that Mehakdeep is my Given name and Singh is my Surname

I, Nirmal Singh S/o Amrik Singh R/o H.No.582, Block-D, Thakur ji Estate, FGC Road Amritsar have Changed My Name Nirmal Singh Hundal to Nirmal Singh

I, Harjit Kaur W/o Nirmal Singh R/o H.No.582, Block-D, Thakur ji Estate, FGC Road Amritsar have changed my name Harjit Kaur Hundal to Harjit Kaur

I, Paramjeet Kaur Chahal W/o Didbagh Singh Chahal R/o D-200, Ranjit Avenue Amritsar have changed my name Paramjeet Kaur to Paramjeet Kaur Chahal

I, Swinder Singh S/o Parlad Singh R/o VPO Chhajjalwaddi, Tehsil Baba Bakala, Amritsar have changed my name from Swinder Singh to Sawinder Singh

I, Indu W/o Edwin Paul R/o 421/3, Bishop House, Taylor Road, Amritsar have changed my name from Indu to Indu Paul.

I, Simarjeet Singh S/o Gurbakhsh Singh R/o H.No.180, Jujhar Singh Avenue, Phase-2, Airport Road, Near AHI Hospital Amritsar have changed my name from Simarjeet Singht to Simarjit Singh

I, Lekh Raj S/o Munshi Ram R/o H.No.1954, Street no.15, Near Bus Stand, Abohar, Fazilka have changed my name from Lekh Raj to Lekhraj Batra

I, Gurmit Singh S/o Karan Singh R/o 3, Lakkar Mandi, In Side Akhara Nimansar Amritsar have changed my name from Gurmit Singh to Gurmeet Singh

I, Sukhjit Singh S/o Bakhshish Singh R/o VPO Kamalpura, Tehsil Ajnala District Amritsar have declared that Singh is my surname and Sukhjit is my given name.

I, hitherto known as Richa Sood W/o Ajay Sood R/o House No. 70 A, Sat Kartar Nagar, Jalandhar, Punjab-144003, India have changed my name and shall hereafter be known as Richa Verma.

I, Himanshu s/o Varinder R/o H no. 136, Shakti Nagar, Jalandhar have changed my name from Himanshu to Himanshu Chadha. All concerned please note.

I, Varinder Kumar s/o Sardari Lal,R/o H no. 136, Shakti Nagar, Jalandhar declare that my given name is Varinder Kumar. All concerned please note.

I, Varinder s/o Sardari Lal, R/o H No. 136, Shakti Nagar, Jalandhar have changed my name from Varinder to Varinder Kumar. All concerned please note.

I, Balbir Kaur w/o Bittu Chumber R/o Dhanal Khurd, PO. Phoolpur, Distt. Jalandhar have changed my name as Balbir Kaur to Balvir Kaur.

I Kiran Bala W/o Amar Chand resident of House No.B1/215, Gali No.3, Ravidass Nagar, Maqsudan, Jalandhar declare that I have changed the name of my minor daughter from Shikha To Shikha Jassal.

I Sucha Ram S/o Pritam Dass R/o House no 18, VPO Khurla KIngra Colony District Jalandhar declare that I have changed my name from Sucha as given name and Ram as surname .

I, Amanpreet Kaur W/o Sumeet Pal Singh R/o HNO.59 Sat Kartar Nagar, PO Model Town, Jalandhar,declare that I have changed my name from Amanpreet Kaur Bedi to Amanpreet Kaur .

I, Vanshdeep Singh S/o Jasdeep Singh, R/o 225 Bank Enclave, Phase-1, Jalandhar, I Have changed my name from Vanshdeep Singh to Vanshdeep Singh Kharaud. Please note.

I, Rajiv Bhandari S/o Subash Chander R/o W.No. 10-A, Kutia Road, Basti Danishmanda, Jalandhar have changed the spelling of my name to Rajeev Bhandari. All Please Note.

I, Deepti Arora w/o Rajeev Bhandari r/o W.No. 10-A, Kutia Road, Basti Danishmanda, Jalandhar have changed my name to Deepti Bhandari. All Please Note.

I, Sukhdev Singh s/o Sohan Singh r/o Vill. Arjanwal, Po. Adampur Doaba, Distt. Jalandhar Punjab have changed my name to Sukhdev Singh Rupra (Surname as Rupra) All Please Note.

I, hitherto known as Jony Alias Sanjeev Verma S/o Ram Kumar residing at H.No. E.F 335, Grand Colony New Railway Road, Jalandhar, Punjab, India have changed my name and shall hereafter be known as Sanjeev Verma.

Change of Name

I, Kamaljit Kumari W/o Ashok Kumar R/o VPO. Rurkee Patti Khera, Tehsil Phillaur, Distt. Jalandhar, Punjab have changed my name from Kamaljit Kumari to Kamaljit Kaur. All Please Note.

I, Karishma W/o Kamaljit Chauhan R/o H.No. 202, Vill. Paragpur, Po. Dhanowali, Distt. Jalandhar-144010, Punjab have changed my name from Karishma to Karishma Chauhan. All Please Note.

I, Kamaljit S/o Surinder Pal H.No. 202, Vill. Paragpur, Po.Dhanowali, Distt. Jalandhar-144010, Punjab have changed my name from Kamaljit to Kamaljit Chauhan. All Please Note.

I, Rajvinder Kaur W/o Baljinder Singh R/o Vill. Lakhan Khurd, Distt. Kapurthala, Punjab have changed my name from Rajvinder Kaur to Rajwinder Kaur. All Please Note.

I, Amandeep Pal S/o Krishan Pal R/o H.No. E.S- 472, Gali No. 5, Mohalla Abadpura, Jalandhar have changed my name to Given name as Amandeep & Surname as Pal. All Please Note.

I, Rashpal Singh S/o Karam Singh R/o Village Mianpur Handoor, Post Office Gardley, District Rupnagar, Punjab-140114 have changed my name to Given Name as Rashpal & Surname as Singh. All concerned please note.

I, Sukhwinder Jarewal S/O Bal Singh, R/o House Number 164/69, Dr. Ambedkar Nagar, Jalandhar-I, Basti Guzan, Jalandhar, Punjab- 144002, have changed my name and shall hereafter be Known as Sukhwinder Singh.

I, Yogita W/o Shrey Bhatia R/o H.No. 6B, New Model Town, Jalandhar, Punjab have changed my name from Yogita to Yogita Bhatia. All concerned please note.

I, hitherto known as Malkit Singh Vashisht S/o Nonehal Singh residing at C-729, VPO. Jandu Singha Patti Moga, Distt. Jalandhar, Punjab, India have changed my name and shall hereafter be known s Malkit Singh.

I Shangara Singh S/o Karnail Singh R/o Vill. Mallpur PO Mehrampur, Teh. Nawanshahr, SBS Nagar-144518, Punjab, have changed my name/spelling from Shangara Singh to Shingara Singh. All please note.

I, Priya D/o Hira Masih R/o Village Khushipur, PO. Dalerpur, Tehsil Kalanaur, District Gurdaspur, Punjab have changed my name from Priya to Priya Sidhu. Concerned Note.

I, Bhawana D/o Davinder Kumar R/o VPO. Tugalwala, Tehsil & District Gurdaspur, Punjab have changed my name from Bhawana to Bhawana Kumari. Concerned Note.

I, Gagandeep W/o Jagdeep Singh R/o VPO. Sarih, Tehsil Nakodar, Distt. Jalandhar, Punjab-144043 have changed my name from Gagandeep to Gagandeep Kaur (Kaur as Surname). All concerned please note.

I Himanshu s/o Varinder R/o H no. 136, Shakti Nagar, Jalandhar have changed my name from Himanshu to Himanshu Chadha.

I, Harjot Singh S/o Jasbir Singh R/o H.No. 49-A, Hardyal Nagar, Garha, Distt. Jalandhar have added my surname from Harjot Singh to Harjot Singh Bains (Surname as Bains)

ਆਮ ਸੂਚਨਾ

ਮੈਂ ਬਹਾਲ ਸਿੰਘ ਅਤੇ ਸਮਾ ਸਿੰਘ ਵਾਸੀ ਜੀਤਾ ਕਲਾਂ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਉਕਤ ਲਿਖੇ ਦੋਨੋ ਨਾਮ ਮੇਰੇ ਹਨ ਤੇ ਏਕੋ ਬੰਦੇ ਦੇ ਹਨ ਸੰਬੰਧਤ ਨੋਟ ਕਰਨ

ਮੈਂ ਰੁਲੀਆ ਸਿੰਘ ਉਰਫ ਰਵੇਲ ਸਿੰਘ ਪੁੱਤਰ ਸ਼ੰਗਾਰਾ ਸਿੰਘ ਵਾਸੀ ਮੱਟੀਆ ਤਹਿਸੀਲ ਰਾਜਾਸਾਂਸੀ ਜਿਲਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਉਕਤ ਲਿਖੇ ਦੋਨੋ ਨਾਮ ਮੇਰੇ ਹਨ ਤੇ ਏਕੋ ਬੰਦੇ ਦੇ ਹਨ।

ਮੈਂ ਸੀਤਾ ਵੰਤੀ ਪਤਨੀ ਦੁਰਗਾ ਦਾਸ ਵਾਸੀ # ਐਮ ਸੀ ਬੀ -ਜੈਡ4-06909, ਗਲ਼ੀ ਨੰਬਰ -5 ਏ ਨੇੜੇ ਸ਼ਹਿਦ ਭਗਤ ਸਿੰਘ ਪਾਰਕ ਨਾਮਦੇਵ ਨਗਰ ਬਠਿੰਡਾ ਦੀ ਰਹਿਣ ਵਾਲੀ ਹਾਂ। ਇਹ ਕਿ ਸੀਤਾ ਵੰਤੀ ਅਤੇ ਸੀਤਾ ਦੇਵੀ ਦੋਨੋਂ ਨਾਮ ਮੇਰੇ ਹਨ ਮੈਨੂੰ ਦੋਨਾਂ ਨਾਵਾਂ ਨਾਲ ਜਾਣਿਆ ਜਾਂਦਾ ਹੈ

ਮੈਂ ਪ੍ਰਵੀਨ ਕੁਮਾਰ ਉਰਫ ਟਿੰਕੂ ਪੁੱਤਰ ਪੱਪੂ ਰਾਮ ਉਰਫ ਸਤੀਸ਼ ਕੁਮਾਰ ਪੁੱਤਰ ਲਾਲ ਚੰਦ ਵਾਸੀ ਸੁਨਾਮ ਜਿਲ੍ਹਾ ਸੰਗਰੂਰ ਬਿਆਨ ਕਰਦਾ ਹਾਂ ਕਿ ਮੇਰੇ ਆਧਾਰ ਕਾਰਡ , ਵੋਟਰ ਕਾਰਡ ਅਤੇ ਪੈਨ ਕਾਰਡ ਵਿੱਚ ਮੇਰਾ ਨਾਮ ਪ੍ਰਵੀਨ ਕੁਮਾਰ ਅਤੇ ਮੇਰੇ ਪਿਤਾ ਦਾ ਨਾਮ ਪੱਪੂ ਰਾਮ ਹੈ ਅਤੇ ਫਰਦ ਮਾਲ ਰਿਕਰਡ ਵਿੱਚ ਮੇਰਾ ਨਾਮ ਟਿਕੂ ਅਤੇ ਮੇਰੇ ਪਿਤਾ ਦਾ ਨਾਮ ਸਤੀਸ਼ ਕੁਮਾਰ ਪੁੱਤਰ ਲਾਲ ਚੰਦ ਹੈ । ਇਹ ਹੈ ਕਿ ਉਕਤ ਦੋਵੇ ਨਾਮ ਸਾਡੇ ਹੀ ਹਨ ਅਸੀ ਦੋਵੇ ਨਾਮਾਂ ਦੇ ਇੱਕੋ ਵਿਅਕਤੀ ਹਾਂ । ਸਬੰਧਤ ਨੋਟ ਕਰਨ ।

ਮੈਂ, ਲਾਜਪਤ ਰਾਏ ਪੁੱਤਰ ਪੰਨਾ ਲਾਲ ਵਾਸੀ ਮਕਾਨ ਨੰ. 146, ਬੇਅੰਤ ਨਗਰ, ਜਲੰਧਰ ਬਿਆਨ ਕਰਦਾ ਹਾਂ ਕਿ ਮੈਂ ਆਪਣੀ ਲੜਕੀ ਚਿੰਕੀ ਲੁਥਰਾ ਨੂੰ ਮੇਰੇ ਕਹਿਣੇ ਵਿੱਚ ਨਾ ਹੋਣ ਕਰਕੇ ਮਿਤੀ 2-11-2019 ਨੂੰ ਅਖ਼ਬਾਰ ਵਿੱਚ ਦਿੱਤੇ ਇਸ਼ਤੇਹਾਰ ਰਾਹੀਂ ਬੇਦਖਲ ਕੀਤਾ ਸੀ। ਹੁਣ ਮੇਰੀ ਲੜਕੀ ਚਿੰਕੀ ਲੁਥਰਾ ਮੇਰੇ ਕਹਿਣੇ ਵਿੱਚ ਹੈ। ਮੈਂ ਇਸ ਦੀ ਬੇਦਖਲੀ ਵਾਪਿਸ ਲੈਂਦਾ ਹਾਂ। ਹੁਣ ਇਹ ਮੇਰੀ ਚੱਲ-ਅਚੱਲ ਜਾਇਦਾਦ ਦੀ ਵਾਰਿਸ ਹੋਵੇਗੀ। ਸਬੰਧਤ ਨੋਟ ਕਰਨ।

ਮੈਂ ਕੁਲਵੰਤ ਸਿੰਘ ਪੁੱਤਰ ਗੁਰਦਿੱਤ ਸਿੰਘ ਪੁੱਤਰ ਭਗਵਾਨ ਸਿੰਘ, ਪਿੰਡ ਧਰਦਿਉ (ਅੰਮ੍ਰਿਤਸਰ) ਸੂਚਿਤ ਕਰਦਾ ਹਾਂ ਕਿ ਮਾਲ ਰਿਕਾਰਡ ਜਮ੍ਹਾਂਬੰਦੀ ਸਾਲ 2021-22 ਵਾਕਿਆ ਪਿੰਡ ਧਰਦਿਉ ਦੇ ਖਾਤਾ ਨੰ: 417 ਦੇ ਖਾਨਾ ਮਾਲਕੀ ਅਤੇ ਇਸੇ ਖਾਤੇ ਦੀ ਖਤੌਨੀ ਨੰਬਰ 964 ਦੇ ਖਾਨਾ ਕਾਸ਼ਤ ਵਿੱਚ ਮੇਰਾ ਨਾਮ ਮੁਕੰਦ ਸਿੰਘ ਪੁੱਤਰ ਗੁਰਦਿੱਤ ਸਿੰਘ ਪੁੱਤਰ ਭਗਵਾਨ ਸਿੰਘ ਹੈ, ਜੋ ਗਲਤ ਹੈ । ਮੈਂ ਹੁਣ ਮਾਲ ਰਿਕਾਰਡ ਵਿੱਚ ਆਪਣਾ ਨਾਮ ਮੁਕੰਦ ਸਿੰਘ ਉਰਫ ਕੁਲਵੰਤ ਸਿੰਘ ਪੁੱਤਰ ਗੁਰਦਿੱਤ ਸਿੰਘ ਪੁੱਤਰ ਭਗਵਾਨ ਸਿੰਘ ਦਾ ਇੰਦਰਾਜ ਕਰਵਾ ਰਿਹਾ ਹਾਂ ।

ਮੈਂ ਅਮਨਦੀਪ ਕੌਰ ਪਤਨੀ ਸਵ: ਜਸਵੰਤ ਸਿੰਘ ਵਾਸੀ ਮੂਨਕ ਜਿਲ੍ਹਾ ਸੰਗਰੂਰ ਬਿਆਨ ਕਰਦੀ ਹਾਂ ਕਿ ਮੇਰੇ ਪਤੀ ਜਸਵੰਤ ਸਿੰਘ ਪੁੱਤਰ ਸਿਆਮਾ ਸਿੰਘ ਦੇ ਨਾਮ ਤੇ ਇੱਕ ਮੋਟਰ ਸਾਇਕਲ ਰਜਿ ਨੰ: ਪੀ.ਬੀ.13 ਏ ਜੇ 1083 ਚੱਲ ਰਿਹਾ ਹੈ , ਜਿਸਨੂੰ ਮੈਂ ਆਪਣੇ ਨਾਮ ਤਬਦੀਲ ਕਰਵਾਉਣਾ ਚਾਹੁੰਦੀ ਹਾਂ । ਜੇਕਰ ਇਸ ਸਬੰਧੀ ਕਿਸੇ ਨੂੰ ਕੋਈ ਇਤਰਾਜ ਹੈ ਤਾਂ ਉਹ ਜਲਦ ਤੋ ਜਲਦ ਡੀ.ਟੀ.ਓ ਦਫਤਰ ਸੰਗਰੂਰ ਵਿਖੇ ਸੰਪਰਕ ਕਰ ਸਕਦਾ ਹੈ ।

ਟਿਊਬਵੈਲ ਕੁਨੈਕਸ਼ਨ ਖਾਤਾ ਨੰਬਰ 3003081563 ਅਤੇ ਪੁਰਾਣਾ ਖਾਤਾ ਨੰਬਰ J71AP580735X 3.770 KW/5 BHP ਜੋ ਕਿ ਚੰਨਣ ਸਿੰਘ ਪੁੱਤਰ ਗੁਰ ਪ੍ਰਤਾਪ ਸਿੰਘ ਦੇ ਨਾਂਅ ਤੇ ਪਿੰਡ ਗਾਘਲਾਂ ਜ਼ਿਲ੍ਹਾ ਜਲੰਧਰ ਵਿਖੇ ਚੱਲਦਾ ਹੈ ਹੁਣ ਸੁਖਵਿੰਦਰ ਸਿੰਘ ਪੁੱਤਰ ਹਰੀ ਸਿੰਘ ਵਾਸੀ ਪਿੰਡ ਤੇ ਡਾਕ: ਗਾਘਲ ਦੇ ਨਾਂਅ ਤੇ ਬਦਲੀ ਹੋਣ ਜਾ ਰਿਹਾ ਹੈ। ਜੇਕਰ ਇਸ ਸਬੰਧੀ ਕਿਸੇ ਨੂੰ ਕੋਈ ਇਤਰਾਜ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਮਾਡਲ ਹਾਊਸ ਸਬ ਡਵਿਜਨ ਦਫਤਰ ਬੂਟਾ ਮੰਡੀ, ਜਲੰਧਰ ਵਿਖੇ ਦਰਜ ਕਰਵਾ ਸਕਦਾ ਹੈ।

ਮੋਟਰ ਕੁਨੈਕਸ਼ਨ ਖਾਤਾ ਨੰਬਰ ਸੀ-1119 ਹਰਚਰਨ ਸਿੰਘ ਪੁੱਤਰ ਸ਼ਬੇਗ ਸਿੰਘ ਨੂੰ ਆਪਣੇ ਨਾਂਅ ਕਰਨ ਲਈ ਕਰਨਜੀਤ ਸਿੰਘ ਪੁੱਤਰ ਜੋਗਿੰਦਰ ਸਿੰਘ ਰਕਬਾ ਫਰੀਦੇ ਵਾਲਾ, ਤਹਿਸੀਲ ਫਿਰੋਜ਼ਪੁਰ ਨੇ ਇਸ ਦਫਤਰ ਨੂੰ ਬੇਨਤੀ ਕੀਤੀ ਹੈ। ਇਤਰਾਜ਼ਯੋਗ ਵਿਅਕਤੀ 10 ਦਿਨਾਂ ਦੇ ਵਿੱਚ ਐੱਸ.ਡੀ.ਓ. ਵੰਡ ਮੱਲਾਂਵਾਲਾ ਨਾਲ ਸੰਪਰਕ ਕਰੇ।

ਮੈਂ, ਅਜੇ ਛਾਬੜਾ ਪੁੱਤਰ ਨੰਦ ਕਿਸ਼ੋਰ ਛਾਬੜਾ ਵਾਸੀ 26-27 ਏ, ਮੋਨਿਕਾ ਛਾਬੜਾ ਵੀਲਾ ਗੁਰੂ ਰਾਮ ਦਾਸ ਐਵੀਨਿਊ, ਏਅਰਪੋਰਟ ਰੋਡ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰੇ ਘਰ ਦੀ ਪੁਰਾਣੀ ਸੇਲ ਡੀਡਜ਼ ਤਸਦੀਕ ਮਿਤੀ 10.11.1989 ਦਸਤਾਵੇਜ਼ ਨੰ: 14109 ਖਸਰਾ ਨੰ: 84//2, 74//22 ਮਿੰਨ, ਖੱਤਾ ਖਤੌਨੀ ਨੰ: 1521/1893, 1522/1894, ਜਮ੍ਹਾਂਬੰਦੀ 2014-2015, ਜੋ ਸਰੀਨ ਪਤਨੀ ਅਸ਼ੋਕ ਕੁਮਾਰ ਦੇ ਹੱਕ ਵਿੱਚ ਹੈ, ਗੁਮਟਾਲਾ ਸਬ ਅਰਬਨ ਅੰਮ੍ਰਿਤਸਰ ਵਿਖੇ ਸਥਿਤ ਹੈ, ਜੋ 25.11.21 ਨੂੰ ਕਿੱਧਰੇ ਗੁੰਮ ਹੋ ਗਈ ਹੈ। ਇਸ ਦੀ ਐੱਫ.ਆਈ.ਆਰ 29.11.21 ਨੂੰ ਥਾਣਾ ਪੀ.ਐੱਸ.ਓ.ਸੀ. ਏਅਰਪੋਰਟ ਅੰਮ੍ਰਿਤਸਰ ਵਿਖੇ ਦਰਜ ਕਰਵਾ ਦਿੱਤੀ ਹੈ। ਇਸ ਦਾ ਐੱਫ.ਆਈ.ਆਰ ਨੰਬਰ 186928/2021 ਹੈ। ਜੇਕਰ ਕਿਸੇ ਨੂੰ ਮਿਲੇ ਤਾਂ ਸਾਨੂੰ ਸੰਪਰਕ ਕਰੇ। ਮੋਬਾਇਲ:98149-45544

ਬੇਦਖਲੀ ਨੋਟਿਸ

ਅਸੀਂ ਜਗਸੀਰ ਸਿੰਘ ਪੁੱਤਰ ਪਿਆਰਾ ਸਿੰਘ ਅਤੇ ਜਸਵਿੰਦਰ ਕੌਰ ਪਤਨੀ ਜਗਸੀਰ ਸਿੰਘ ਵਾਸੀ ਕੁਰੜ (ਬਰਨਾਲਾ) ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਮਨਦੀਪ ਸਿੰਘ ਅਤੇ ਉਸ ਦੀ ਪਤਨੀ ਅਮਨਦੀਪ ਕੌਰ ਨੂੰ ਕਹਿਣੇ ਤੋਂ ਬਾਹਰ ਹੋਣ ਕਰਕੇ ਦੋਵਾਂ ਨੂੰ ਆਪਣੀ ਚੱਲ- ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਨ੍ਹਾਂ ਦੋਵਾਂ ਨਾਲ ਲੈਣ -ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਅੱਜ ਤੋਂ ਬਾਅਦ ਦੋਵਾਂ ਨਾਲ ਸਾਡਾ ਕੋਈ ਸਬੰਧ ਨਹੀਂ ਰਿਹਾ।

ਮੈਂ, ਬਲਵਿੰਦਰ ਪਾਲ ਪੁੱਤਰ ਸੰਤ ਰਾਮ ਪਿੰਡ ਬਜੂਹਾ ਖੁਰਦ, ਤਹਿਸੀਲ ਨਕੋਦਰ (ਜਲੰਧਰ) ਸੂਚਿਤ ਕਰਦਾ ਹਾਂ ਕਿ ਜਸਵੰਤ ਸਿੰਘ (ਬੇਟਾ), ਨੀਲਮ ਕੌਰ (ਨੂੰਹ) ਜੀਵਨ ਸਿੰਘ ਅਤੇ ਫ਼ਤਿਹ ਸਿੰਘ ਮੇਰੇ ਪੋਤੇ ਉਕਤ ਸਾਰੇ ਮੇਰੇ ਕਹਿਣੇ ਤੋਂ ਬਾਹਰ ਹਨ। ਉਕਤ ਚਾਰਾਂ ਨੂੰ ਮੈਂ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਵਾਰ ਦਾ ਉਕਤ ਨਾਲ ਕੋਈ ਸੰਬੰਧ ਨਹੀਂ ਰਿਹਾ। ਉਕਤ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਮੰਗਜੀਤ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਪਿੰਡ ਰਾਣੀਵਲਹ, ਜ਼ਿਲ੍ਹਾ ਤਰਨ ਤਾਰਨ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਪੁੱਤਰ ਗੁਰਫਤਹਿ ਸਿੰਘ ਅਤੇ ਆਪਣੀ ਪਤਨੀ ਚਰਨਜੀਤ ਕੌਰ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਜਸਬੀਰ ਸਿੰਘ ਪੁੱਤਰ ਸ. ਬਲਬੀਰ ਸਿੰਘ ਵਾਸੀ ਪਿੰਡ ਰਣੀਆਂ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਦਾ ਵਸਨੀਕ ਹਾਂ। ਮੇਰੇ ਨਾਂਅ 'ਤੇ ਚੱਲ ਰਹੇ ਇਕ ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ ਏ ਪੀ/18-957 ਐੱਚ ਦਾ 17.5 ਐੱਚ ਪੀ ਨੂੰ ਕੰਵਰਦੀਪ ਸਿੰਘ ਪੁੱਤਰ ਜਸਬੀਰ ਸਿੰਘ ਵਾਸੀ ਰਣੀਆਂ, ਤਹਿਸੀਲ ਨਿਹਾਲ ਸਿੰਘ ਵਾਲਾ ਜ਼ਿਲ੍ਹਾ ਮੋਗਾ ਦੇ ਨਾਂਅ ਟਰਾਂਸਫਰ ਕੀਤਾ ਜਾ ਰਿਹਾ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ ਪੀ. ਐੱਸ ਪੀ ਸੀ ਐੱਲ ਦਫ਼ਤਰ ਚੜਿੱਕ ਮੋਗਾ ਨੂੰ ਸੂਚਿਤ ਕਰੇ।

ਅਸੀਂ, ਗਜ਼ਾਨੰਦ ਪੁੱਤਰ ਸ੍ਰੀ ਜੇਡਾ ਰਾਮ ਅਤੇ ਮਾਇਆ ਦੇਵੀ ਪਤਨੀ ਗਜਾਨੰਦ ਵਾਸੀਆਨ ਈ ਆਰ 181 ਪੱਕਾ ਬਾਗ, ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਬੰਟੀ ਅਤੇ ਉਸ ਦੀ ਪਤਨੀ ਮੰਗਲਾ ਸਾਡੇ ਕਹਿਣੇ ਤੋਂ ਬਾਹਰ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਤੇ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਅਸੀਂ ਜਗਸੀਰ ਸਿੰਘ ਪੁੱਤਰ ਪਿਆਰਾ ਸਿੰਘ ਅਤੇ ਜਸਵਿੰਦਰ ਕੌਰ ਪਤਨੀ ਜਗਸੀਰ ਸਿੰਘ ਵਾਸੀ ਕੁਰੜ (ਬਰਨਾਲਾ) ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਮਨਦੀਪ ਸਿੰਘ ਅਤੇ ਉਸ ਦੀ ਪਤਨੀ ਅਮਨਦੀਪ ਕੌਰ ਨੂੰ ਕਹਿਣੇ ਤੋਂ ਬਾਹਰ ਹੋਣ ਕਰਕੇ ਦੋਵਾਂ ਨੂੰ ਆਪਣੀ ਚੱਲ- ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਨ੍ਹਾਂ ਦੋਵਾਂ ਨਾਲ ਲੈਣ -ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਅੱਜ ਤੋਂ ਬਾਅਦ ਦੋਵਾਂ ਨਾਲ ਸਾਡਾ ਕੋਈ ਸਬੰਧ ਨਹੀਂ ਰਿਹਾ।

ਅਸੀਂ ਚੰਨਣ ਸਿੰਘ ਪੁੱਤਰ ਸ਼ਿੰਗਾਰਾ ਸਿੰਘ ਵਾਸੀ ਪਿੰਡ ਭੋਡੇ ਡਾਕ ਖਾਨਾ ਤਲਵਣ ਤਹਿਸੀਲ ਫਿਲੌਰ ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਕੁਲਵਿੰਦਰ ਸਿੰਘ ਉਰਫ ਕਾਲੂ ਇਸ ਦੀ ਪਤਨੀ ਸੁਰਿੰਦਰ ਕੌਰ ਉਰਫ ਸਪਨਾ ਮੇਰੇ ਕਹਿਣ ਤੋਂ ਬਾਹਰ ਹਨ। ਅਸੀਂ ਆਪਣੀ ਚੱਲ -ਅਚੱਲ ਜਾਇਦਾਦ ਤੋਂ ਇਨ੍ਹਾਂ ਦੋਨਾਂ ਨੂੰ ਬੇਦਖ਼ਲ ਕਰਦੇ ਹਨ। ਕੋਈ ਵੀ ਵਿਅਕਤੀ ਇਨ੍ਹਾਂ ਨਾਲ਼ ਲੇਣ ਦੇਣ ਕਰੇਗਾ ਉਹ ਖ਼ੁੱਦ ਜ਼ੁਮੇਵਾਰ ਹੋਵੇਗਾ। ਸਬੰਧਤ ਨੋਟ ਕਰਨ।

ਮੈਂ ਗੁਰਵੇਲ ਸਿੰਘ ਪੁੱਤਰ ਧਿਆਨ ਸਿੰਘ ਵਾਸੀ ਪਰਿਗੜੀ ਤਹਿਸੀਲ ਪੱਟੀ ਜ਼ਿਲ੍ਹਾ ਤਰਨਤਾਰਨ ਦਾ ਰਹਿਣ ਵਾਲਾ ਹਾਂ । ਪ੍ਰਭਜੀਤ ਸਿੰਘ ਮੇਰਾ ਪੁੱਤਰ ਹੈ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ ।ਮੈ ਆਪਣੇ ਪੁੱਤਰ ਨੂੰ ਆਪਣੀ ਚੱਲ ਤੇ ਅਚੱਲ ਜਾਇਦਾਦ ਵਿੱਚੋਂ ਬੇਦਖ਼ਲ ਕਰਦਾ ਹਾਂ ।ਇਸ ਨੋਟ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ੁੰਮੇਵਾਰ ਹੋਵੇਗਾ ।

ਮੈਂ ਯੋਗੇਸ਼ ਮਨਚੰਦਾ ਪੁੱਤਰ ਸ੍ਰੀ ਦੇਸ ਰਾਜ ਵਾਸੀ ਮਕਾਨ ਨੰ: 15 ਏ, ਕੀਰਤੀ ਨਗਰ ਵਾਰਡ ਨੰ. 8 ਫਿਰੋਜ਼ਪੁਰ ਸ਼ਹਿਰ ਦਾ ਰਹਿਣ ਵਾਲਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੰਨੀ ਵਾ ਉਸਦੀ ਪਤਨੀ ਸਾਕਸ਼ੀ ਜੋ ਕਿ ਬੁਰੀ ਸੰਗਤ ਦਾ ਸ਼ਿਕਾ

14 Aug Page 7.qxd 8/13/2025 10:32 PM Page 1

ਪੰਜਾਬ ਸਰਕਾਰ ਨੇ ਜਿਵੇਂ ਲੈਂਡ ਪੂਲਿੰਗ ਪਾਲਿਸੀ ਨੂੰ ਨੋਟੀਫਾਈ ਕੀਤਾ, ਉਵੇਂ ਹੀ ਡੀ-ਨੋਟੀਫਾਈ ਕਰੇ : ਕੋਕਰੀ, ਘੱਲ ਕਲਾਂ

ਮੋਗਾ (ਇਕਬਾਲ ਸਿੰਘ ਖਹਿਰਾ) ਡਿਪਟੀ ਕਮਿਸ਼ਨਰ ਦਫ਼ਤਰ ਸਾਹਮਣੇ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਬਲਾਕ ਮੋਗਾ-1, ਮੋਗਾ-2 ਤੇ ਬੀਕੇਯੂ ਲੱਖੋਵਾਲ ਵੱਲੋਂ ਸੰਯੁਕਤ ਕਿਸਾਨ ਮੋਰਚਾ ਭਾਰਤ ਦੇ ਸੱਦੇ ਮੁਤਾਬਕ ਧਰਨਾ ਦਿੱਤਾ ਗਿਆ। ਧਰਨੇ ਨੂੰ ਸੰਬੋਧਨ ਕਰਦਿਆਂ ਸੂਬਾ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ, ਜ਼ਿਲ੍ਹਾ ਵਿੱਤ ਸਕੱਤਰ ਬਲੌਰ ਸਿੰਘ ਘੱਲ ਕਲਾਂ ਬਲਾਕ ਮੋਗਾ-2 ਦੇ ਪ੍ਰਧਾਨ ਇਕਬਾਲ ਸਿੰਘ ਸਿੰਘਾਂਵਾਲਾ ਤੇ ਮੋਗਾ-1 ਦੇ ਪ੍ਰਧਾਨ ਜਗਜੀਤ ਸਿੰਘ ਮੱਦੋਕੇ ਨੇ ਕਿਹਾ ਕਿ ਸਾਡੇ ਦੇਸ਼ ਦੀ ਮੋਦੀ ਸਰਕਾਰ ਅਮਰੀਕਾ ਦੀ ਟਰੰਪ ਸਰਕਾਰ ਨਾਲ ਟੈਕਸ ਮੁਕਤ ਵਪਾਰ ਸਮਝੌਤਾ ਕਰਕੇ ਗੰਨੇ ਸਮੇਤ ਸਾਰੀਆਂ ਖੇਤੀ ਜਿਨਸਾਂ, ਦੁੱਧ, ਮੀਟ ਮੱਛੀਆਂ ਆਦਿ ਦੇ ਵਪਾਰਕ ਕਾਰੋਬਾਰਾ ਉਤੇ ਦੇਸ਼ ਵਿਦੇਸ਼ੀ ਸਾਮਰਾਜੀ ਕਾਰਪੋਰੇਟਾਂ 'ਤੇ ਕਬਜ਼ੇ ਕਰਾਉਣਾ ਚਾਹੁੰਦੀ ਹੈ। ਮੋਦੀ ਸਰਕਾਰ ਅਮਰੀਕਾ ਸਰਕਾਰ ਨਾਲ ਕਈ ਗੇੜਾਂ ਦੀ ਵਾਰਤਾ ਕਰ ਚੁੱਕੀ ਹੈ ਤੇ ਹੋਰ ਵਾਰਤਾ ਕਰਕੇ ਟਰੰਪ ਸਰਕਾਰ ਨਾਲ ਟੈਕਸ ਮੁਕਤ ਵਪਾਰ ਸਮਝੌਤਾ ਕਰਨ ਦੇ ਰਾਹ ਤੁਰੀ ਹੋਈ ਹੈ।ਇਨ੍ਹਾਂ ਵਾਰਤਾਂਵਾਂ ਗੇੜਾਂ ਨੂੰ ਬੰਦ ਕਰਾਉਣ ਲਈ ਮੋਦੀ ਤੇ ਟਰੰਪ ਦਾ ਪੁਤਲਾ ਫੂਕਿਆ ਗਿਆ ਹੈ।ਆਗੂਆਂ ਨੇ ਕਿਹਾ ਕਿ ਜੋ ਲੈਂਡ ਪੂਲਿੰਗ ਪਾਲਿਸੀ ਪੰਜਾਬ ਸਰਕਾਰ ਨੇ ਵਾਪਸ ਲਈ ਹੈ, ਇਹ ਕਿਸਾਨਾਂ ਦੀ ਵੱਡੀ ਜਿੱਤ ਹੈ। ਸਰਕਾਰ ਦੇ ਹਾਊਸਿੰਗ ਸਕੱਤਰ ਵੱਲੋਂ ਦੋ ਲਾਇਨਾਂ ਦੀ ਚਿੱਠੀ ਕੱਢ ਕੇ 14 ਮਈ ਨੂੰ

ਲੈਂਡ ਪੂਲਿੰਗ ਸਬੰਧੀ ਕੀਤੇ ਫੈਸਲੇ ਨੂੰ ਵਾਪਸ ਲੈਣ ਬਾਰੇ ਕਿਹਾ ਹੈ, ਜਦੋਂ ਕਿ 2-6-2025 ਨੂੰ ਕੈਬਨਿਟ ਵਿੱਚ ਇਸ ਪਾਲਿਸੀ ਨੂੰ ਮਨਜ਼ੂਰੀ 'ਤੇ 4-6-2025 ਨੂੰ ਵੀ ਸਰਕਾਰ ਨੇ ਪੱਤਰ ਜਾਰੀ ਕੀਤਾ ਸੀ।ਸਰਕਾਰ ਨੂੰ ਚਾਹੀਦਾ ਹੈ ਕਿ ਜਿਵੇਂ ਸਰਕਾਰ ਨੇ ਲੈਂਡ ਪੂਲਿੰਗ ਪਾਲਿਸੀ ਨੂੰ ਨੋਟੀਫਾਈ ਕੀਤਾ ਸੀ, ਉਵੇਂ ਹੀ ਉਸ ਨੂੰ ਡੀ ਨੋਟੀਫਾਈ ਕਰੇ। ਆਗੂਆਂ ਨੇ ਕਿਹਾ ਕਿ 24 ਅਗਸਤ ਨੂੰ ਸਮਰਾਲੇ ਕੀਤੀ ਜਾ ਰਹੀ ਰੈਲੀ ਵਿੱਚ ਕਿਸਾਨ ਨੌਜਵਾਨ ਤੇ ਭੈਣਾਂ ਵੱਡੀ ਗਿਣਤੀ ਵਿੱਚ ਸ਼ਾਮਲ ਹੋਣਗੀਆਂ।

ਹਰ ਘਰ ਤਿਰੰਗਾ ਮੁਹਿੰਮ ਤਹਿਤ ਸਾਈਕਲ ਰੈਲੀ ਕੱਢੀ

ਫ਼ਾਜ਼ਿਲਕਾ (ਨਿਸ਼ਾ ਸ਼ਰਮਾ) ਹਰ ਘਰ ਤਿਰੰਗਾ ਮੁਹਿੰਮ ਦੇ ਹਿੱਸੇ ਵਜੋਂ 19 ਬਟਾਲੀਅਨ ਬਾਰਡਰ ਸਕਿਊਰਟੀ ਫੋਰਸ ਵੱਲੋਂ ਰਾਸ਼ਟਰੀ ਏਕਤਾ, ਦੇਸ਼ਭਗਤੀ ਤੇ ਸਥਾਨਕ ਵਸਨੀਕਾਂ ਵਿੱਚ ਜਾਗਰੂਕਤਾ ਫੈਲਾਉਣ ਲਈ ਸਾਈਕਲ ਰੈਲੀ ਦਾ ਆਯੋਜਨ ਕੀਤਾ ਗਿਆ।ਰੈਲੀ ਦਾ ਆਗਾਜ਼ 19 ਬਟਾਲਿਅਨ ਦੇ ਕਮਾਂਡੈਂਟ ਸ਼੍ਰੀ ਸੁਨੀਲ ਸੋਇਬਮ ਨੇ ਬੀਓਪੀ ਮੁਹਾਰਸੋਨਾ ਤੋਂ ਕੀਤਾ ਤੇ ਖੁਦ ਰੈਲੀ ਦੀ ਅਗਵਾਈ ਕੀਤੀ।ਉਨ੍ਹਾਂ ਨਾਲ 05 ਗਜ਼ਟਿਡ ਅਫ਼ਸਰ, 25 ਸਬ ਅਫ਼ਸਰ ਤੇ 90 ਹੋਰ ਰੈਂਕ ਸ਼ਾਮਲ ਸਨ।ਇਸਦੇ ਨਾਲ ਹੀ ਬੀਓਪੀ ਜੀ.ਜੀ.1 ਤੋਂ ਸ਼੍ਰੀ ਜੀ.ਕੇ. ਸ਼ਾਹ, ਦੂਜੇ ਇਨ ਕਮਾਂਡ ਦੀ ਅਗਵਾਈ ਹੇਠ ਇੱਕ ਹੋਰ ਟੀਮ ਨੂੰ ਰਵਾਨਾ ਕੀਤਾ ਗਿਆ, ਜੋ ਪਿੰਡ ਮੌਜਮ ਵਿੱਚ ਪਹਿਲੀ ਟੀਮ ਨਾਲ ਜੁੜ ਗਈ।ਮਿਲ ਕੇ ਦੋਵੇਂ ਟੀਮਾਂ ਨੇ ਖੇਤਰ ਦੇ 25 ਪਿੰਡਾਂ ਦਾ ਦੌਰਾ ਕੀਤਾ। ਰੈਲੀ 'ਚ ਬੀਐਸਐਫ਼ ਜਵਾਨਾਂ ਤੋਂ ਇਲਾਵਾ ਨੇੜਲੇ ਪਿੰਡਾਂ ਦੇ 55 ਨੌਜਵਾਨਾਂ ਅਤੇ ਬੱਚਿਆਂ ਨੇ ਵੀ ਉਤਸ਼ਾਹ ਨਾਲ ਭਾਗ ਲਿਆ, ਜਿਸ ਨਾਲ ਮੁਹਿੰਮ ਨੂੰ ਹੋਰ ਮਜ਼ਬੂਤੀ ਮਿਲੀ।ਕਮਾਂਡੈਂਟ ਸ਼੍ਰੀ ਸੁਨੀਲ ਸੋਇਬਮ ਨੇ ਦੇਸ਼ ਦੀ ਸਰਹੱਦਾਂ ਦੀ ਰੱਖਿਆ ਵਿੱਚ ਬੀਐਸਐਫ਼ ਦੀ ਭੂਮਿਕਾ, ਜ਼ਿੰਮੇਵਾਰੀਆਂ ਤੇ ਬਲਿਦਾਨਾਂ ਬਾਰੇ ਪ੍ਰੇਰਣਾਦਾਇਕ ਵਿਚਾਰ ਸਾਂਝੇ ਕੀਤੇ।ਉਨ੍ਹਾਂ ਏਕਤਾ, ਆਪਸੀ ਸਤਿਕਾਰ ਤੇ ਸਾਂਝੀ ਜ਼ਿੰਮੇਵਾਰੀ ਦੀ ਮਹੱਤਤਾ ਉਤੇ ਜ਼ੋਰ ਦਿੰਦੇ ਹੋਏ ਦੇਸ਼ ਦੀ ਪ੍ਰਭੂਸੱਤਾ ਤੇ ਅਖੰਡਤਾ ਪ੍ਰਤੀ ਅਟੱਲ ਰਹਿਣ ਦੀ ਅਪੀਲ ਕੀਤੀ। ਰੈਲੀ ਦੌਰਾਨ ਭਾਗੀਦਾਰਾਂ ਵੱਲੋਂ ਰਾਸ਼ਟਰੀ ਝੰਡਾ ਲਹਿਰਾਇਆ ਗਿਆ।ਭਾਰਤ ਮਾਤਾ ਦੀ ਜੈ ਦੇ ਨਾਅਰੇ ਬੀਐਸਐਫ਼ ਜਵਾਨਾਂ ਤੇ ਸਥਾਨਕ ਲੋਕਾਂ ਵੱਲੋਂ ਮਿਲਜੁਲ ਕੇ ਲਾਏ ਗਏ।ਸਥਾਨਕ ਵਸਨੀਕਾਂ ਨੇ ਭਰਪੂਰ ਸਹਿਯੋਗ ਦਿੰਦਿਆਂ ਰੈਲੀ 'ਚ ਸ਼ਾਮਲ ਹੋਣ ਵਾਲਿਆਂ ਦਾ ਹੌਸਲਾ ਵਧਾਇਆ। ਕਮਾਂਡੈਂਟ ਨੇ ਪਿੰਡ ਮੌਜਮ ਵਿੱਚ ਆਯੋਜਤ ਪਿੰਡ ਕੋਆਰਡੀਨੇਸ਼ਨ ਮੀਟਿੰਗ ਵਿੱਚ ਸਰਪੰਚ ਅਤੇ ਨੇੜਲੇ ਪਿੰਡਾਂ ਦੇ ਨਿਵਾਸੀਆਂ ਨਾਲ ਮਿਲ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਸੰਬੰਧਤ ਅਧਿਕਾਰੀਆਂ ਨਾਲ ਮਿਲ ਕੇ ਹੱਲ ਕਰਨ ਦਾ ਭਰੋਸਾ ਦਿਵਾਇਆ।

ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਵੱਲੋਂ ਰੋਸ ਪ੍ਰਦਰਸ਼ਨ

ਰਾਜਪੁਰਾ (ਰਮੇਸ਼ ਕਟਾਰੀਆ) ਰਾਜਪੁਰਾ ਡਵੀਜ਼ਨ ਸਾਹਮਣੇ ਪੀ.ਐਸ.ਈ.ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਤੇ ਪੀ.ਐਸ.ਈ.ਬੀ ਪੈਨਸ਼ਨਰ ਯੂਨੀਅਨ ਪੰਜਾਬ (ਏਟਕ ਨਾਲ ਸਬੰਧਤ ਜਥੇਬੰਦੀ ਵਿੱਚੋਂ ਸੇਵਾਮੁਕਤ ਹੋਏ ਸਾਥੀ) ਨੇ ਸਾਂਝੇ ਤੌਰ 'ਤੇ ਪ੍ਰਦਰਸ਼ਨ ਕੀਤਾ। ਰੋਸ ਪ੍ਰਦਰਸਨ 'ਚ ਸਾਥੀ ਬਲਜੀਤ ਕੁਮਾਰ ਸਹਾਇਕ ਐਸ ਡੀ ਓ, ਵਿੱਤ ਸਕੱਤਰ ਪੰਜਾਬ, ਸਾਥੀ ਕੁਲਦੀਪ ਸਿੰਘ ਪ੍ਰਧਾਨ ਰਾਜਪੁਰਾ, ਸਾਥੀ ਜਗਜੀਤ ਸਿੰਘ ਸਕੱਤਰ ਰਾਜਪੁਰਾ, ਸੇਵਾਮੁਕਤ ਯੂਨੀਅਨ ਦੇ ਸਾਥੀ ਰਾਮ ਰਤਨ ਰਾਜਪੁਰਾ, ਸਾਥੀ ਸ਼ਾਮ ਸੁੰਦਰ, ਨਰਿੰਦਰ ਮਨੌਰੀ, ਅਤਿੰਦਰਪਾਲ, ਸਾਥੀ ਦਿਨੇਸ਼, ਸਤਨਾਮ ਸਿੰਘ, ਗੁਰਨਾਮ ਸਿੰਘ ਤੇ ਜਗਤਾਰ ਸਿੰਘ ਮੋਹਾਲੀ ਹੋਰ ਆਗੂਆਂ ਤੋਂ ਇਲਾਵਾ ਪੀ.ਐਸ.ਈ.ਬੀ ਇੰਪਲਾਈਜ ਫੈਡਰੇਸ਼ਨ ਏਟਕ ਪੰਜਾਬ ਦੇ ਸਾਬਕਾ ਪ੍ਰਧਾਨ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਦੇ ਸਾਬਕਾ ਕਨਵੀਨਰ ਆਗੂ ਸਾਥੀ ਹਰਭਜਨ ਸਿੰਘ ਪਿਲਖਣੀ ਨੇ ਵਿਸਥਾਰ ਪੂਰਵਕ ਚਾਨਣਾ ਪਾਇਆ। ਰੋਸ ਪ੍ਰਦਰਸ਼ਨ 'ਚ ਰਾਜਪੁਰਾ ਡਵੀਜ਼ਨ ਦੇ ਸੈਂਕੜੇ ਸਾਥੀਆਂ ਨੇ ਹਿੱਸਾ ਲਿਆ।

ਕਿਸਾਨ ਜਥੇਬੰਦੀਆਂ ਤੇ ਟਰੇਡ ਯੂਨੀਅਨਾਂ ਨੇ ਡੋਨਾਲਡ ਟਰੰਪ ਦਾ ਪੁਤਲਾ ਫੂਕਿਆ

ਗੁਰਦਾਸਪੁਰ (ਜਨਕ ਮਹਾਜਨ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵਲੋਂ ਭਾਰਤ 'ਤੇ 25 ਫੀਸਦੀ ਟੈਰਿਫ ਲਗਾਉਣ, ਭਾਰਤ ਦੇ ਰੂਸ ਨਾਲ ਤੇਲ ਵਪਾਰ ਸੌਦੇ ਖਿਲਾਫ ਦੰਡਕਾਰੀ ਟੈਕਸ ਲਗਾਉਣ ਦੀਆਂ ਧਮਕੀਆਂ ਵਿਰੁੱਧ ਅਤੇ ਭਾਰਤ-ਯੂ ਕੇ ਵਿਆਪਕ ਆਰਥਿਕ ਵਪਾਰ ਸਮਝੌਤੇ ਨੂੰ ਰੱਦ ਕਰਾਉਣ ਲਈ ਐੱਸਕੇਐੱਮ ਅਤੇ ਦਸ ਕੇਂਦਰੀ ਟਰੇਡ ਯੂਨੀਅਨਾਂ ਨੇ ਸਾਂਝੇ ਤੌਰ 'ਤੇ ਦੇਸ਼ ਵਿਆਪੀ ਵਿਰੋਧ ਦਿਵਸ ਦੇ ਸੱਦੇ ਤਹਿਤ ਗੁਰੂ ਨਾਨਕ ਪਾਰਕ ਗੁਰਦਾਸਪੁਰ ਤੋਂ ਰੋਸ ਮਾਰਚ ਕਰਦਿਆਂ ਡਾਕਖਾਨਾ ਚੌਕ ਵਿੱਚ ਬਿਨਾਂ ਆਵਾਜਾਈ ਪ੍ਰਭਾਵਿਤ ਕੀਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਪੁਤਲਾ ਫੂਕਿਆ। ਰੋਸ ਰੈਲੀ ਤੇ ਪ੍ਰਦਰਸ਼ਨ ਦੀ ਅਗਵਾਈ ਸੰਯੁਕਤ ਕਿਸਾਨ ਮੋਰਚੇ ਵਿਚ ਸ਼ਾਮਲ ਕਿਸਾਨ ਜਥੇਬੰਦੀਆਂ ਪੰਜਾਬ ਕਿਸਾਨ ਯੂਨੀਅਨ, ਕਿਰਤੀ ਕਿਸਾਨ ਯੂਨੀਅਨ, ਜਮਹੂਰੀ ਕਿਸਾਨ ਸਭਾ, ਭਾਰਤੀ ਕਿਸਾਨ ਯੂਨੀਅਨ ਡਕੌਂਦਾ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ, ਕੁਲ ਹਿੰਦ ਕਿਸਾਨ ਸਭਾ, ਸੀਟੀਯੂ ਪੰਜਾਬ, ਏਕਟੂ, ਮਜ਼ਦੂਰ ਮੁਕਤੀ ਮੋਰਚਾ ਪੰਜਾਬ ਸਮੇਤ ਵੱਖ-ਵੱਖ ਜਥੇਬੰਦੀਆਂ ਦੇ ਆਗੂ ਕਾਮਰੇਡ ਸੁਖਦੇਵ ਸਿੰਘ ਭਾਗੋਕਾਵਾਂ, ਬਲਬੀਰ ਸਿੰਘ ਉਚਾ ਧਕਾਲਾ, ਅਜੀਤ ਸਿੰਘ ਹੁੰਦਲ ,

ਰਘਬੀਰ ਸਿੰਘ ਚਾਹਲ, ਗੁਰਵਿੰਦਰ ਸਿੰਘ, ਮੰਗਤ ਸਿੰਘ, ਗੁਰਪ੍ਰਤਾਪ ਸਿੰਘ, ਬਲਵਿੰਦਰ ਸਿੰਘ, ਤਰਲੋਕ ਸਿੰਘ, ਮੁਖਤਿਆਰ ਸਿੰਘ, ਹਰਚਰਨ ਸਿੰਘ ਔਜਲਾ, ਗੁਰਚਰਨ ਵਾਲੀਆ, ਧਿਆਨ ਸਿੰਘ ਠਾਕੁਰ, ਗੁਲਜਾਰ ਸਿੰਘ ਭੁੰਬਲੀ, ਸ਼ਿਵ ਕੁਮਾਰ, ਸੋਨਾ ਮਸੀਹ ਤੇ ਹੋਰ ਆਗੂਆਂ ਆਪਣੇ ਵਿਚਾਰ ਸਾਂਝੇ ਕੀਤੇ।

ਕਿਰਤੀ ਕਿਸਾਨ ਯੂਨੀਅਨ ਨੇ ਮੋਦੀ ਤੇ ਟਰੰਪ ਦਾ ਪੁਤਲਾ ਫੂਕਿਆ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ) ਕਿਰਤੀ ਕਿਸਾਨ ਯੂਨੀਅਨ ਵੱਲੋਂ ਪਿੰਡ ਜੰਡੋਕੇ ਵਿਖੇ ਪ੍ਰਧਾਨ ਮੰਤਰੀ ਮੋਦੀ ਦੇ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਦਾ ਪੁਤਲਾ ਸਾੜਿਆ ਗਿਆ। ਸੂਬਾ ਵਿੱਤ ਸਕੱਤਰ ਜਸਵਿੰਦਰ ਸਿੰਘ ਝਮੇਲਵਾਲੀ ਤੇ ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ ਲੰਡੇ ਰੋਡੇ ਨੇ ਕਿਹਾ ਕਿ ਜੇਕਰ ਆਉਣ ਵਾਲੇ ਦਿਨਾਂ ਵਿੱਚ ਅਮਰੀਕਾ ਦੇ ਦਬਾਅ ਅੱਗੇ ਝੁਕਦਿਆਂ ਭਾਰਤ ਵੱਲੋਂ ਅਮਰੀਕਾ ਨਾਲ ਕਿਸਾਨ ਵਿਰੋਧੀ ਮੁਕਤ ਵਪਾਰ ਸਮਝੌਤਾ ਕਰ ਲਿਆ ਜਾਂਦਾ ਹੈ ਤਾਂ ਮੁਲਕ ਦੀ ਕਿਸਾਨੀ ਪੂਰੀ ਤਰ੍ਹਾਂ ਬਰਬਾਦ ਹੋ ਜਾਵੇਗੀ, ਕਿਉਂਕਿ ਖੇਤੀਬਾੜੀ ਨਾਲ ਸੰਬੰਧਤ ਵਸਤੂਆਂ ਮੱਕੀ ਸੋਇਆਬੀਨ ਵਗੈਰਾ ਤੇ ਡੇਅਰੀ ਨਾਲ ਸਬੰਧਤ ਵਸਤੂਆਂ ਦੁੱਧ ਪਨੀਰ ਆਦਿ ਦੇ ਰੇਟ ਬਹੁਤ ਘੱਟ ਜਾਣਗੇ, ਜਿਸ ਦਾ ਮੁਕਾਬਲਾ ਕਰਨਾ ਦੇਸ਼ ਦੇ ਕਿਸਾਨਾਂ ਤੇ ਡੇਅਰੀ ਉਤਪਾਦਕਾਂ ਲਈ ਬਹੁਤ ਮੁਸ਼ਕਲ ਹੋਵੇਗਾ, ਸਿੱਟੇ ਵਜੋਂ ਖੇਤੀ ਤੇ ਡੇਅਰੀ ਧੰਦੇ ਨਾਲ ਸੰਬੰਧਤ ਕਰੋੜਾਂ ਕਿਸਾਨ ਆਰਥਿਕ ਪੱਖੋਂ ਤਬਾਹ ਹੋ ਜਾਣਗੇ। ਉਨ੍ਹਾਂ ਕਿਹਾ ਕਿ ਭਾਵਾਂ ਦੇਸ਼ ਦੇ ਪ੍ਰਧਾਨ ਮੰਤਰੀ ਮੋਦੀ ਵਾਰ-ਵਾਰ ਬਿਆਨ ਦੇ ਰਹੇ ਹਨ ਕਿ ਕੋਈ ਸਮਝੌਤਾ ਇਸ ਤਰ੍ਹਾਂ ਦਾ ਨਹੀਂ ਕੀਤਾ ਜਾਵੇਗਾ, ਜਿਸ ਨਾਲ

ਦੇਸ਼ ਦੇ ਕਿਸਾਨਾਂ ਦਾ ਉਜਾੜਾ ਹੋਵੇ, ਪਰ ਹਕੀਕਤ ਇਹਦੇ ਉਲਟ ਹੈ। ਜੇਕਰ ਮੋਦੀ ਕਾਲ ਦੇ ਸਮੇਂ ਦੌਰਾਨ ਭਾਰਤ ਦੀਆਂ ਅਮਰੀਕਾ ਨਾਲ ਸੰਬੰਧਤ ਨੀਤੀਆਂ ਨੂੰ ਘੋਖਿਆ ਜਾਵੇ ਤਾਂ ਇਹ ਸਾਫ਼ ਹੋ ਜਾਂਦਾ ਹੈ ਕਿ ਭਾਰਤ ਹਮੇਸ਼ਾ ਅਮਰੀਕਾ ਦੇ ਦਬਾਅ ਹੇਠ ਝੁਕਦਾ ਰਿਹਾ, ਇਸ ਦੀ ਪੁਖਤਾ ਉਦਾਹਰਣ ਜਦੋਂ ਦੁਨੀਆ ਭਰ ਦੇ ਬਹੁਤ ਸਾਰੇ ਦੇਸ਼ਾਂ ਨੇ ਅਮਰੀਕਾ ਵੱਲੋਂ ਸ਼ੁਰੂ ਕੀਤੀ ਗਈ ਟਰੇਡ ਵਾਰ ਦੌਰਾਨ ਮੋੜਵੇਂ ਰੂਪ ਵਿੱਚ ਟੈਰਿਫ਼ ਲਾ ਕੇ ਰਾਸ਼ਟਰਪਤੀ ਟਰੰਪ ਨੂੰ ਕਰਾਰਾ ਜਵਾਬ ਦਿੱਤਾ ਤਾਂ ਭਾਰਤ ਵੱਲੋਂ ਕੋਈ ਵੀ ਜਵਾਬੀ ਪ੍ਰਤੀਕਿਰਿਆ ਨਹੀਂ ਦਿੱਤੀ ਗਈ। ਇਸ ਮੌਕੇ ਬਲਾਕ ਬਰੀਵਾਲਾ ਦੇ ਪ੍ਰਧਾਨ ਦਵਿੰਦਰ ਸਿੰਘ ਲਬਾਣੇ ਵਾਲੀ ਤੇ ਪਿੰਡ ਇਕਾਈ ਦੇ ਪ੍ਰਧਾਨ ਜਗਮੀਤ ਸਿੰਘ ਜੰਡੋਕੇ ਨੇ ਕਿਹਾ ਕਿ ਭਾਵੇਂ ਸੰਯੁਕਤ ਕਿਸਾਨ ਮੋਰਚੇ ਦੇ ਦਬਾਅ ਹੇਠ ਪੰਜਾਬ ਸਰਕਾਰ ਨੇ ਲੈਂਡ ਪੂਲਿੰਗ ਪਾਲਿਸੀ ਰੱਦ ਕਰ ਦਿੱਤੀ ਹੈ, ਪਰ ਤਕਨੀਕੀ ਤੌਰ 'ਤੇ ਜਦੋਂ ਤੱਕ ਪੰਜਾਬ ਸਰਕਾਰ ਦੀ ਕੈਬਨਿਟ ਵੱਲੋਂ ਨੋਟੀਫਿਕੇਸ਼ਨ ਰੱਦ ਨਹੀਂ ਹੁੰਦਾ, ਪੰਜਾਬ ਸਰਕਾਰ ਲੈਂਡ ਪੂਲਿੰਗ ਨੀਤੀ ਲਾਗੂ ਕਰਕੇ ਕਿਸਾਨਾਂ ਦੀਆਂ ਮੁਫਤ ਵਿੱਚ ਜ਼ਮੀਨਾਂ ਹੜ੪ ਕਰ ਸਕਦੀ ਹੈ। ਇਸ ਲਈ ਲੈਂਡ ਪੂਲਿੰਗ ਨੀਤੀ ਦਾ ਨੋਟੀਫਿਕੇਸ਼ਨ ਰੱਦ ਕਰਾਉਣ ਲਈ 24 ਤਰੀਕ ਨੂੰ ਸਮਰਾਲਾ ਵਿਖੇ ਵਿਸ਼ਾਲ ਰੈਲੀ ਕੀਤੀ ਜਾ ਰਹੀ ਹੈ।

ਸੰਵਿਧਾਨ ਬਚਾਓ ਮੰਚ ਵੱਲੋਂ ਰੋਸ ਪ੍ਰਦਰਸ਼ਨ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)- ਸੰਵਿਧਾਨ ਬਚਾਓ ਮੰਚ ਦੇ ਸੱਦੇ 'ਤੇ ਲੋਕ ਹਿਤੂ ਕਾਰਕੁਨਾਂ ਵੱਲੋਂ ਦਿੱਲੀ ਸੰਗਰੂਰ ਕੌਮੀ ਮੁੱਖ ਮਾਰਗ ਉੱਤੇ ਸ਼ਹਿਰ ਦੇ ਸ਼ਹੀਦ ਭਗਤ ਸਿੰਘ ਚੌਕ ਵਿਖੇ ਭਾਰਤੀ ਸੰਵਿਧਾਨ ਨਾਲ ਹੋ ਰਹੇ ਖਿਲਵਾੜ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਦੌਰਾਨ ਮੰਚ ਦੇ ਕਾਰਕੁਨਾਂ ਨੇ ਹੱਥਾਂ ਵਿੱਚ ਤਖਤੀਆਂ ਫੜ ਕੇ ਸੰਵਿਧਾਨ ਦੀ ਰਾਖੀ ਕਰਨ ਦਾ ਸੁਨੇਹਾ ਦਿੱਤਾ।ਰੋਸ ਪ੍ਰਦਰਸ਼ਨ ਦੀ ਅਗਵਾਈ ਕਰ ਰਹੀ ਸਮਾਜਸੇਵੀ ਆਗੂ ਬੀਬੀ ਪਲਵਿੰਦਰ ਕੌਰ ਹਰਿਆਊ ਨੇ ਕਿਹਾ ਕਿ ਕੇਂਦਰ ਦੀ ਸੱਤਾ ਉੱਤੇ ਕਾਬਜ਼ ਭਾਜਪਾ ਵੱਲੋਂ ਦੇਸ਼ ਵਿੱਚ ਸੰਵਿਧਾਨ ਦੇ ਖਾਤਮਾ ਕਰਕੇ ਰਾਜਾਂ ਦੀ ਸੱਤਾ ਉੱਤੇ ਕਾਬਜ਼ ਹੋਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਜਿਸ ਦੇ ਤਹਿਤ ਬਿਹਾਰ ਸਮੇਤ ਹੋਰ ਰਾਜਾਂ ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਜਿੱਤਣ ਲਈ ਵੋਟਰ ਸੂਚੀਆਂ ਵਿੱਚੋਂ ਵੋਟਾਂ ਕੱਟਣ ਦੇ ਨਾਲ ਨਾਲ ਵੱਡੇ ਪੱਧਰ ਉੱਤੇ ਨਕਲੀ ਵੋਟਾਂ ਬਣਾਈਆਂ ਜਾ ਰਹੀਆਂ ਹਨ। ਉਹਨਾਂ ਕਿਹਾ ਕਿ ਭਾਰਤੀ ਸੰਵਿਧਾਨ ਦੇਸ਼ ਦੇ ਹਰ ਇੱਕ ਵਾਸੀ ਨੂੰ ਆਪਣੇ ਵੋਟ ਦੇ ਹੱਕ ਦਾ ਇਸਤੇਮਾਲ ਕਰਨ ਦਾ ਅਧਿਕਾਰ ਦਿੰਦਾ ਹੈ ਪਰ ਬਦਕਿਸਮਤੀ ਦੀ ਗੱਲ ਹੈ ਕਿ ਪਿਛਲੇ ਕੁਝ ਸਮੇਂ ਤੋਂ ਸੰਵਿਧਾਨ ਦੀ ਪਰਵਾਹ ਨਾ ਕਰਦਿਆਂ ਆਪਣੇ ਹਿੱਤਾਂ ਲਈ ਚੋਣ ਕਮਿਸ਼ਨ ਵਰਗੀਆਂ ਸੰਵਿਧਾਨਕ ਸੰਸਥਾਵਾਂ ਨੂੰ ਵਰਤਿਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੂੰ ਵੋਟਾਂ ਵਿੱਚ ਹੋ ਰਹੀ ਗੜਬੜੀ ਦੀ ਆਵਾਜ਼ ਉਠਾਉਣ ਬਦਲੇ ਗ੍ਰਿਫਤਾਰ ਕਰਨਾ ਬੇਹੱਦ ਮੰਦਭਾਗਾ ਹੈ। ਉਹਨਾਂ ਸੰਵਿਧਾਨ ਦੀ ਮੂਲ ਭਾਵਨਾ ਦੀ ਰਾਖੀ ਕਰਨ ਲਈ ਅੱਗੇ ਆਉਣ ਦਾ

ਸੁਨੇਹਾ ਦਿੰਦਿਆਂ ਕਿਹਾ ਕਿ ਅਜੋਕੇ ਸਮੇਂ ਦੌਰਾਨ ਲੋਕਾਂ ਨੂੰ ਉਹਨਾਂ ਦੇ ਕਰਤਵਾਂ ਸਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ ਪਰ ਸੰਵ

14-Aug-PAGE--8.qxd 8/13/2025 10:47 PM Page 1

ਅਧਿਆਪਕਾਂ ਤੇ ਸਕੂਲੀ ਬੱਚਿਆਂ ਦੇ ਮਸਲਿਆਂ ਨੂੰ ਗੰਭੀਰਤਾ ਨਾਲ ਵਿਚਾਰਿਆ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)

ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਕਮੇਟੀ ਦੇ ਫੈਸਲੇ ਅਨੁਸਾਰ ਜ਼ਿਲ੍ਹਾ ਹੁਸ਼ਿਆਰਪੁਰ ਇਕਾਈ ਦੀ ਮੀਟਿੰਗ ਹਰਿਆਣਾ ਵਿਖੇ ਹੋਈ।ਪ੍ਰਧਾਨਗੀ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਪ੍ਰਿੰਸੀਪਲ ਅਮਨਦੀਪ ਸ਼ਰਮਾ ਅਤੇ ਜ਼ਿਲ੍ਹਾ ਜਨਰਲ ਸਕੱਤਰ ਜਸਵੀਰ ਤਲਵਾੜਾ ਨੇ ਕਰਦਿਆਂ ਕਿਹਾ ਕਿ ਮੀਟਿੰਗ ਵਿੱਚ ਅਧਿਆਪਕਾਂ ਦੀ ਭਰਵੀਂ ਹਾਜ਼ਰੀ ਇਸ ਗੱਲ ਦਾ ਸਬੂਤ ਦੇ ਰਹੀ ਹੈ ਕਿ ਸਮੁੱਚਾ ਅਧਿਆਪਕ ਵਰਗ ਪੰਜਾਬ ਸਰਕਾਰ ਦੀਆਂ ਮੁਲਾਜ਼ਮ ਮਾਰੂ ਨੀਤੀਆਂ ਤੋਂ ਪਰੇਸ਼ਾਨ ਹੈ। ਉਹਨਾਂ ਕਿਹਾ ਕਿ ਸਰਕਾਰ ਸਿਰਫ ਡੰਗ ਟਪਾਊ ਨੀਤੀਆਂ ਨਾਲ ਸਿੱਖਿਆ ਵਿਭਾਗ ਨੂੰ ਚਲਾ ਰਹੀ ਹੈ।ਯੂਨੀਅਨ ਦੇ ਸੂਬਾਈ ਜਨਰਲ ਸਕੱਤਰ ਅਤੇ ਜ਼ਿਲ੍ਹਾ ਰੂਪਨਗਰ ਦੇ ਪ੍ਰਧਾਨ ਗੁਰਵਿੰਦਰ ਸਿੰਘ ਸਸਕੌਰ ਆਪਣੇ ਸਾਥੀਆਂ ਨਾਲ ਵਿਸ਼ੇਸ਼ ਤੌਰ 'ਤੇ ਪਹੁੰਚੇ। ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਪ੍ਰਿਤਪਾਲ ਸਿੰਘ ਚੌਟਾਲਾ ਅਤੇ ਲੈਕਚਰਾਰ ਅਮਰ ਸਿੰਘ ਦੱਸਿਆ ਕਿ ਇਸ ਮੀਟਿੰਗ ਦਾ ਮੁੱਖ ਉਦੇਸ਼ ਜਿੱਥੇ ਜਥੇਬੰਦਕ ਤੌਰ 'ਤੇ ਬਲਾਕ ਤੋਂ ਲੈ ਕੇ ਜ਼ਿਲ੍ਹਾ ਪੱਧਰ ਤੱਕ ਜਥੇਬੰਦੀ ਨੂੰ ਮਜ਼ਬੂਤ ਕਰਨਾ ਸੀ ਉੱਥੇ ਅਨੇਕਾਂ ਅਧਿਆਪਕਾਂ ਅਤੇ ਸਕੂਲੀ ਬੱਚਿਆਂ ਦੇ ਮਸਲਿਆਂ ਨੂੰ ਗੰਭੀਰਤਾ ਨਾਲ ਵਿਚਾਰਿਆ ਗਿਆ। ਮੀਟਿੰਗ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਸੂਬਾ ਜਨਰਲ ਸਕੱਤਰ ਗੁਰਵਿੰਦਰ ਸਿੰਘ ਸਸਕੌਰ ਨੇ ਕਿਹਾ ਕਿ ਅੱਜ ਸਰਕਾਰ ਵੱਲੋਂ ਜਾਣ ਬੁਝ ਕੇ ਅਧਿਆਪਕ ਵਰਗ ਦੇ ਅਨੇਕਾਂ ਮਸਲਿਆਂ ਨੂੰ ਲਟਕਾਇਆ ਜਾ ਰਿਹਾ ਜਿਨਾਂ ਵਿੱਚ ਮੁੱਖ ਰੂਪ ਤੇ ਪੁਰਾਣੀ ਪੈਨਸ਼ਨ ਨੂੰ ਲਾਗੂ ਨਾ ਕਰਨਾ ਅਧਿਆਪਕਾਂ ਦੀਆਂ ਬਦਲੀਆਂ ਨੂੰ ਵਾਰ ਵਾਰ ਰੋਕ ਕੇ ਦੂਰ ਦੁਰਾਡੇ ਬੈਠੇ ਅਧਿਆਪਕਾਂ ਨੂੰ ਪਰੇਸ਼ਾਨ ਕਰਨ ਅਤੇ ਪ੍ਰਾਇਮਰੀ ਅਤੇ ਅਪਰ ਪ੍ਰਾਇਮਰੀ ਵਰਗ ਦੀਆਂ ਹਰ ਕਾਡਰ ਦੀਆਂ ਪਦਉਨਤੀਆਂ ਨੂੰ ਜਾਣ ਬੁਝ ਕੇ ਲਟਕਾ ਕੇ ਰੱਖਣਾ ਇੱਕ ਵੱਡੀ ਚਿੰਤਾ ਦਾ ਮਸਲਾ ਹੈ। ਇਹਨਾਂ ਆਗੂਆਂ ਨੇ ਸਰਕਾਰ ਵੱਲੋਂ ਨਵੀਂ ਭਰਤੀਆਂ ਦੇ ਇਸ਼ਤਿਹਾਰਾਂ ਨੂੰ ਵਾਪਸ ਲੈਣ ਸਬੰਧੀ ਵੀ ਚਿੰਤਾ ਪ੍ਰਗਟ ਕੀਤੀ। ਮੀਟਿੰਗ ਨੂੰ ਸਾਥੀ ਵਿਕਾਸ ਸ਼ਰਮਾ, ਸੁਨੀਲ ਕੁਮਾਰ, ਸੰਜੀਵ ਧੂਤ, ਜਸਵੰਤ ਮਕੇਰੀਆਂ, ਪ੍ਰਿੰਸ ਗੜ੍ਹਦੀਵਾਲਾ, ਰਾਜ ਕੁਮਾਰ ਹੁਸ਼ਿਆਰਪੁਰ, ਠਾਕੁਰ ਰਣਵੀਰ ਸਿੰਘ, ਰਜ਼ਤ ਮਹਾਜਨ, ਸੰਦੀਪ ਬਾਗਪੁਰ ਅਤੇ ਨਰਿੰਦਰ ਅਜਨੋਹਾ ਨੇ ਵੀ ਸੰਬੋਧਨ ਕੀਤਾ।ਮੀਟਿੰਗ ਵਿੱਚ ਲੈਕਚਰਾਰ ਉਪਿੰਦਰ ਸਿੰਘ, ਚਮਨ ਲਾਲ ਕਮਾਹੀ ਦੇਵੀ ਲੈਕਚਰਾਰ ਬਲਵਿੰਦਰ ਸਿੰਘ ਮੁਕੇਰੀਆਂ, ਪਰਸਰਾਮ, ਬਲਜੀਤ ਕੌਸ਼ਲ, ਰਜੇਸ਼ ਅਰੋੜਾ, ਉਮੇਸ਼ ਕੁਮਾਰ, ਸਰਬਜੀਤ ਸਿੰਘ ਟਾਂਡਾ, ਨਰਿੰਦਰ ਮੰਗਲ, ਗੁਰਚਰਨ ਸਿੰਘ ਟਾਂਡਾ, ਪ੍ਰਿੰਸੀਪਲ ਗੁਰਦੀਪ ਸਿੰਘ, ਲੈਕਚਰਾਰ ਸੰਜੀਵ ਕੁਮਾਰ, ਲੈਕਚਰਾਰ ਤਿਲਕ ਰਾਜ, ਪਰਮਜੀਤ ਸਿੰਘ ਟਾਹਲੀਵਾਲ, ਮੈਡਮ ਪਰਮਿੰਦਰ ਕੌਰ ਮੁੱਖ ਅਧਿਆਪਕਾ, ਲੈਕਚਰਾਰ ਗੁਰਚਰਨ ਸਿੰਘ, ਲੈਕਚਰਾਰ ਰਾਜੇਸ਼ ਸੈਣੀ, ਜਸਵਿੰਦਰ ਬੁੱਲੋਵਾਲ, ਅਸ਼ੋਕ ਕੁਮਾਰ, ਰਵਿੰਦਰ ਕੁਮਾਰ, ਅਵਤਾਰ ਸਿੰਘ, ਜਸਵਿੰਦਰ ਸਿੰਘ ਲੈਕਚਰਾਰ, ਕਮਲਦੀਪ ਸਿੰਘ ਜਨੌੜੀ, ਗੁਰਵਿੰਦਰ ਸਿੰਘ ਹਰਿਆਣਾ, ਸਰਬਜੀਤ ਸਿੰਘ ਡੱਫਰ, ਸਚਿਨ ਗੜ੍ਹਦੀਵਾਲਾ, ਜੀਵਨ ਕੁਮਾਰ ਦੁਸੜਕਾ, ਹਰਦੀਪ ਸਿੰਘ, ਬਲਜਿੰਦਰ ਸਿੰਘ, ਰਮਨ ਕੁਮਾਰ ਹਰਿਆਣਾ, ਵਿਕਾਸ ਅਰੋੜਾ, ਓਂਕਾਰ ਸਿੰਘ ਅਜਨੋਹਾ, ਪਰਮਜੀਤ ਕਾਤਿਬ ਮਾਹਿਲਪੁਰ, ਰਾਜਕੁਮਾਰ ਗੜ੍ਹਸ਼ੰਕਰ ਸਮੇਤ ਅਨੇਕਾਂ ਹੀ ਅਧਿਆਪਕ ਸ਼ਾਮਿਲ ਹੋਏ।

ਜ਼ਿਲ੍ਹੇ 'ਚ ਐੱਚ ਆਈ ਵੀ ਤੀਬਰ ਜਾਗਰੂਕਤਾ ਮੁਹਿੰਮ ਦੀ ਸ਼ੁਰੂਆਤ

ਮੋਹਾਲੀ (ਗੁਰਜੀਤ ਬਿੱਲਾ)- ਜ਼ਿਲ੍ਹਾ ਸਿਹਤ ਵਿਭਾਗ ਦੀਆਂ ਟੀਮਾਂ ਪੂਰੇ ਦੋ ਮਹੀਨਿਆਂ ਲਈ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿਚ ਜਾ ਕੇ ਐਚ.ਆਈ.ਵੀ. ਦੀ ਲਾਗ ਵਿਰੁੱਧ ਹੋਕਾ ਦੇਣਗੀਆਂ। ਇਸ ਸਬੰਧ ਵਿਚ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ. ਸੰਗੀਤਾ ਜੈਨ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਐਚ.ਆਈ.ਵੀ. ਸਬੰਧੀ ਜ਼ਿਲ੍ਹਾ ਪੱਧਰੀ ਤੀਬਰ ਜਾਗਰੂਕਤਾ ਮੁਹਿੰਮ ਅੱਜ ਜ਼ਿਲ੍ਹਾ ਹਸਪਤਾਲ ਮੋਹਾਲੀ ਤੋਂ ਸ਼ੁਰੂ ਕੀਤੀ ਗਈ ਹੈ, ਜੋ 12 ਅਕਤੂਬਰ ਤੱਕ ਚੱਲੇਗੀ।ਮੁਹਿੰਮ ਦੌਰਾਨ ਏ.ਆਰ.ਟੀ. ਸੈਂਟਰ ਦੀਆਂ ਟੀਮਾਂ ਵੱਖ ਵੱਖ ਥਾਈਂ ਕੈਂਪ ਲਗਾਉਣਗੀਆਂ ਅਤੇ ਲੋਕਾਂ ਨੂੰ ਐਚ.ਆਈ.ਵੀ. ਤੇ ਏਡਜ਼ ਦੇ ਲੱਛਣਾਂ, ਕਾਰਨਾਂ, ਬਚਾਅ ਅਤੇ ਇਲਾਜ ਬਾਰੇ ਜਾਣਕਾਰੀ ਦੇਣਗੀਆਂ। ਉਨ੍ਹਾਂ ਦੱਸਿਆ ਕਿ ਐਚ.ਆਈ.ਵੀ. ਅਜਿਹਾ ਵਾਇਰਸ ਹੈ ਜੋ ਸਰੀਰ ਦੀਆਂ ਉਨ੍ਹਾਂ ਕੋਸ਼ਿਕਾਵਾਂ ਉਤੇ ਹਮਲਾ ਕਰਦਾ ਹੈ ਜੋ ਲਾਗ ਜਾਂ ਇਨਫ਼ੈਕਸ਼ਨ ਨਾਲ ਲੜਨ ਵਿਚ ਮਦਦ ਕਰਦੀਆਂ ਹਨ।ਇਹ ਵਾਇਰਸ ਅੱਗੇ ਚੱਲ ਕੇ ਏਡਜ਼ ਦਾ ਕਾਰਨ ਬਣਦਾ ਹੈ।ਏਡਜ਼ ਲਾਇਲਾਜ ਬੀਮਾਰੀ ਹੈ, ਜਿਸ ਤੋਂ ਬਚਣ ਦਾ ਇਕੋ ਇਕ ਤਰੀਕਾ ਉਸ ਬਾਰੇ ਜਾਗਰੂਕਤਾ ਹੈ। ਉਨ੍ਹਾਂ ਦਸਿਆ ਕਿ ਐਚ ਆਈ ਵੀ ਦੇ ਸ਼ੁਰੂਆਤੀ ਲੱਛਣਾਂ ਵਿਚ ਬੁਖ਼ਾਰ, ਥਕਾਵਟ, ਮਾਸਪੇਸ਼ੀਆਂ ਵਿਚ ਖਿਚਾਅ, ਜੋੜਾਂ ਵਿਚ ਦਰਦ, ਸਿਰਦਰਦ, ਜ਼ੁਕਾਮ, ਸੁੱਕੀ ਖੰਘ, ਚਿਹਰੇ 'ਤੇ ਨਿਸ਼ਾਨ ਆਦਿ ਸ਼ਾਮਲ ਹਨ। ਐਚ.ਆਈ.ਵੀ. ਤੋਂ ਬਚਾਅ ਲਈ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ ਜਿਵੇਂ ਕਿਸੇ ਦੂਜੇ ਦੀ ਵਰਤੀ ਹੋਈ ਸਰਿੰਜ ਜਾਂ ਇੰਜੈਕਸ਼ਨ ਦੀ ਵਰਤੋਂ ਨਾ ਕਰੋ।ਜਿਸਮਾਨੀ ਸਬੰਧ ਬਣਾਉਂਦੇ ਸਮੇਂ ਕੰਡੋਮ ਦੀ ਵਰਤੋਂ ਕਰੋ ਜਾਂ ਅਸੁਰੱਖਿਅਤ ਜਿਸਮਾਨੀ ਸਬੰਧਾਂ ਤੋਂ ਬਚੋ।ਜੇ ਕੋਈ ਗਰਭਵਤੀ ਔਰਤ ਐਚ.ਆਈ.ਵੀ. ਪੀੜਤ ਹੈ ਤਾਂ ਬੱਚੇ ਨੂੰ ਲਾਗ ਤੋਂ ਬਚਾਉਣ ਲਈ ਉਸ ਦਾ ਇਲਾਜ ਕੀਤਾ ਜਾਣਾ ਚਾਹੀਦਾ ਹੈ।ਡਾ. ਜੈਨ ਨੇ ਦਸਿਆ ਕਿ ਮੈਡੀਕਲ ਟੈਸਟ ਰਾਹੀਂ ਐਚ.ਆਈ.ਵੀ. ਲਾਗ ਦਾ ਪਤਾ ਲੱਗ ਜਾਂਦਾ ਹੈ ਅਤੇ ਇਹ ਟੈਸਟ ਸਾਰੇ ਸਰਕਾਰੀ ਹਸਪਤਾਲਾਂ ਵਿਚ ਬਿਲਕੁਲ ਮੁਫ਼ਤ ਹੈ।ਇਸ ਮੌਕੇ ਐਸ.ਐਮ.ਓ. ਡਾ. ਪਰਮਿੰਦਰਜੀਤ ਸਿੰਘ, ਡਾ. ਰਾਧੇ ਅਤੇ ਕੌਂਸਲਰ ਅਰਵਿੰਦਰ ਭਾਟੀਆ ਮੌਜੂਦ ਸਨ।

ਲਿੰਕ ਸੜਕਾਂ ਨੇ ਛੱਪੜ ਦਾ ਰੂਪ ਧਾਰਨ ਕੀਤਾ

ਗੜ੍ਹਸ਼ੰਕਰ (ਟੂਲਾ ਸਿੰਘ ਬੀਰਮਪੁਰ)- ਗੜ੍ਹਸ਼ੰਕਰ ਦੀਆਂ ਬਹੁਤੀਆਂ ਲਿੰਕ ਸੜਕਾਂ ਨੇ ਇਹਨਾਂ ਬਰਸਾਤ ਦੇ ਦਿਨਾਂ ਵਿੱਚ ਛੱਪੜ ਦਾ ਰੂਪ ਧਾਰਨ ਕਰ ਲਿਆ ਹੈ ਅਤੇ ਵੱਡੇ ਵੱਡੇ ਟੋਇਆਂ ਕਾਰਣ ਦੋ ਪਹੀਆ ਵਾਹਨਾ ਦਾ ਲੰਘਣਾ ਵੀ ਔਖਾ ਹੋਇਆ ਹੈ। ਇਸ ਦੀ ਤਸਵੀਰ ਪਿੰਡ ਗੋਲੀਆਂ ਤੋਂ ਮੋਇਲਾ ਵਾਹਿਦਪੁਰ, ਸਾਧੋਵਾਲ ਤੋਂ ਬੀਰਮਪੁਰ,ਖਾਨਪੁਰ ਤੋਂ ਬੀਰਮਪੁਰ, ਗੜ੍ਹਸ਼ੰਕਰ ਤੋਂ ਬੀਰਮਪੁਰ,ਗੜ੍ਹਸ਼ੰਕਰ ਤੋ ਪਾਹਲੇਵਾਲ,ਪਾਰੋਵਾਲ ਤੋ ਭੱਜਲਾ ਸਮੇਤ ਹੋਰ ਅਨੇਕਾਂ ਹੋਰ ਸੜਕਾਂ ਦੀ ਹਾਲਤ ਦੇਖ ਕੇ ਲਗਾਈ ਜਾ ਸਕਦੀ ਹੈ। ਸੋਸ਼ਲ ਵੈਲਫੇਅਰ ਸੋਸਾਇਟੀ ਦੇ ਪ੍ਰਧਾਨ ਹਰਵੇਲ ਸਿੰਘ ਸੈਣੀ ਅਤੇ ਧਰਮਜੀਤ ਸਿੰਘ ਰਾਜਾ ਨੇ ਕਿਹਾ ਹੈ ਕਿ ਸੜਕਾਂ ਵਿੱਚ ਵੱਡੇ ਵੱਡੇ ਟੋਏ ਅਤੇ ਇਹਨਾਂ ਸੜਕਾਂ ਤੇ ਬਰਮ ਨਾ ਹੋਣ ਕਾਰਨ ਅਨੇਕਾਂ ਹਾਦਸੇ ਵੀ ਵਾਪਰ ਚੁੱਕੇ ਹਨ। ਇਹਨਾਂ ਪਿੰਡਾਂ ਚੋਂ ਦੂਜੇ ਪਿੰਡਾਂ ਨੂੰ ਜਾਣਾ ਜਾਂ ਸਕੂਲਾਂ ਵਿੱਚ ਜਾਣਾ ਵਾਲੇ ਬੱਚਿਆਂ ਨੂੰ ਅਨੇਕਾਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਉਹਨਾਂ ਸਰਕਾਰ ਤੋਂ ਮੰਗ ਕੀਤੀ ਕਿ ਇਹਨਾਂ ਸੜਕਾਂ ਦਾ ਜਲਦ ਹੀ ਨਵੀਨੀਕਰਨ ਕੀਤਾ ਜਾਵੇ ।

ਯੁੱਧ ਨਸ਼ਿਆਂ ਵਿਰੁੱਧ ਤਹਿਤ ਜਾਗਰੂਕਤਾ ਕੈਂਪ ਲਗਾਏ

ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)- ਯੁੱਧ ਨਸ਼ਿਆਂ ਵਿਰੁੱਧ ਤਹਿਤ ਪਿੰਡ ਬਸੀ ਜਲਾਲ, ਬੈਂਚਾਂ ਅਤੇ ਚਾਹਲ ਵਿੱਚ ਨਸ਼ਾ ਵਿਰੋਧੀ ਜਾਗਰੂਕਤਾ ਕੈਂਪ ਲਗਾਏ ਗਏ। ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਦੀ ਅਗਵਾਈ ਵਿੱਚ ਲਗਾਏ ਗਏ ਇਹਨਾਂ ਕੈਂਪਾਂ ਦੌਰਾਨ ਸਮਾਜ ਸੇਵੀ ਮਾਸਟਰ ਮਹਿੰਦਰ ਸਿੰਘ ਗਿੱਲ, ਵਿਧਾਨ ਸਭਾ ਹਲਕਾ ਟਾਂਡਾ ਦੇ ਨਸ਼ਾ ਮੁਕਤੀ ਮੋਰਚਾ ਯਾਤਰਾ ਦੇ ਕੋਆਰਡੀਨੇਟਰ ਸਰਪੰਚ ਜਸਵੰਤ ਸਿੰਘ ਬਿੱਟੂ ਜਲਾਲਪੁਰ, ਬਲਾਕ ਪ੍ਰਧਾਨ ਕੇਸ਼ਵ ਸਿੰਘ ਸੈਣੀ, ਸਰਪੰਚ ਸੁਖਵਿੰਦਰਜੀਤ ਸਿੰਘ ਝਾਵਰ, 'ਆਪ' ਆਗੂ ਗੁਰਦੀਪ ਸਿੰਘ ਹੈਪੀ ਨੇ ਸੰਬੋਧਨ ਕਰਦੇ ਹੋਏ ਸੂਬਾ ਸਰਕਾਰ ਵੱਲੋਂ ਨਸ਼ਿਆਂ ਖਿਲਾਫ ਕੀਤੇ ਜਾ ਰਹੇ ਕਾਰਜਾਂ ਸਬੰਧੀ ਵਿਸਥਾਰ ਪੂਰਵਕ ਜਾਣੂ ਕਰਵਾਇਆ। ਇਸ ਮੌਕੇ ਪਿੰਡ ਬਸੀ ਜਲਾਲ ਵਿੱਚ ਸਰਪੰਚ ਜਸਵਿੰਦਰ ਸਿੰਘ, ਪੰਚ ਸੁਖਵਿੰਦਰ ਪਾਲ ਸਿੰਘ ਰਾਜਾ, ਅਜੀਤ ਸਿੰਘ ਲਵਲੀ, ਵਿਜੇ ਕੁਮਾਰ, ਨੰਬਰਦਾਰ ਕੁਲਦੀਪ ਸਿੰਘ ਤੋਂ ਇਲਾਵਾ ਹੋਰ ਪਿੰਡ ਵਾਸੀ ਵੀ ਹਾਜ਼ਰ ਸਨ।

ਡਾ. ਇਸ਼ਾਂਕ ਨੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਲੋਕਾਂ ਨੂੰ ਕੀਤਾ ਜਾਗਰੂਕ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)- ਰਾਜ ਸਰਕਾਰ ਵੱਲੋਂ ਨਸ਼ਿਆਂ ਖਿਲਾਫ ਚਲਾਈ ਜਾ ਰਹੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਦੇ ਅਧੀਨ ਚਬੇਵਾਲ ਤੋਂ ਵਿਧਾਇਕ ਡਾ. ਇਸ਼ਾਂਕ ਨੇ ਪਿੰਡ ਫਤਿਹਪੁਰ ਅਤੇ ਢੱਕੋ 'ਚ ਜਨ ਸਭਾਵਾਂ ਨੂੰ ਸੰਬੋਧਨ ਕੀਤਾ। ਇਸ ਦੌਰਾਨ ਉਨ੍ਹਾਂ ਪਿੰਡ ਵਾਸੀਆਂ ਨੂੰ ਨਸ਼ਿਆਂ ਦੇ ਨੁਕਸਾਨ ਨਾਲ ਜਾਣੂ ਕਰਾਉਂਦੇ ਹੋਏ ਸਮਾਜ ਨੂੰ ਇਸ ਬੁਰਾਈ ਤੋਂ ਮੁਕਤ ਕਰਨ ਲਈ ਇਕਜੁੱਟ ਹੋਣ ਦੀ ਅਪੀਲ ਕੀਤੀ। ਦੋਵੇਂ ਥਾਵਾਂ ਹੋਈਆਂ ਬੈਠਕਾਂ ਵਿੱਚ ਪਿੰਡ ਵਾਸੀਆਂ ਨੇ ਵਿਧਾਇਕ ਨੂੰ ਭਰੋਸਾ ਦਿਵਾਇਆ ਕਿ ਉਹ ਆਪਣੇ-ਆਪਣੇ ਇਲਾਕਿਆਂ ਵਿੱਚ ਨਸ਼ਾ ਰੋਕਣ ਲਈ ਪੰਚਾਇਤ ਪੱਧਰ 'ਤੇ ਨਿਗਰਾਨੀ ਕਮੇਟੀਆਂ ਬਣਾਉਣਗੇ ਅਤੇ ਨੌਜਵਾਨਾਂ ਨੂੰ ਖੇਡਾਂ ਅਤੇ ਸਿੱਖਿਆ ਵੱਲ ਪ੍ਰੇਰਿਤ ਕਰਨਗੇ।

ਪ੍ਰਸ਼ਾਸਨ ਵੱਲੋਂ ਸੁੱਕੇ ਰਾਸ਼ਨ ਤੇ ਪੀਣ ਵਾਲੇ ਪਾਣੀ ਦੇ ਪੁਖਤਾ ਪ੍ਰਬੰਧ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)- ਸੁਲਤਾਨਪੁਰ ਲੋਧੀ ਦੇ ਪਾਣੀ ਤੋਂ ਪ੍ਰਭਾਵਿਤ ਮੰਡ ਖੇਤਰ ਵਿੱਚ ਪਾਣੀ ਦੇ ਪੱਧਰ ਉੱਪਰ ਲਗਾਤਾਰ ਨਿਗਰਾਨੀ ਲਈ ਪ੍ਰਸ਼ਾਸਨ ਵੱਲੋਂ ਡਰੋਨਾਂ ਦੀ ਵਰਤੋਂ ਸ਼ੁਰੂ ਕੀਤੀ ਗਈ ਹੈ। ਡਿਪਟੀ ਕਮਿਸ਼ਨਰ ਅਮਿਤ ਕੁਮਾਰ ਪੰਚਾਲ ਨੇ ਦੱਸਿਆ ਕਿ ਲੋਕਾਂ ਦੇ ਜਾਨ ਤੇ ਮਾਲ ਦੀ ਰਾਖੀ ਲਈ ਪ੍ਰਸ਼ਾਸਨ ਵੱਲੋਂ ਹਰ ਸੰਭਵ ਯਤਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਡਰੋਨ ਦੀ ਵਰਤੋਂ ਨਾਲ ਜਿੱਥੇ ਰਾਹਤ ਕਾਰਜਾਂ ਵਿੱਚ ਵੱਡੀ ਮਦਦ ਮਿਲੇਗੀ ਉੱਥੇ ਹੀ ਰੀਅਲ ਟਾਈਮ ਡਾਟਾ ਬੇਸ ਵੀ ਉਪਲਬਧ ਹੋਵੇਗਾ । ਇਸ ਤੋਂ ਇਲਾਵਾ ਪ੍ਰਸ਼ਾਸਨ ਵੱਲੋਂ ਬਾਊਪੁਰ ਜਦੀਦ ਵਿਖੇ ਲੋਕਾਂ ਨੂੰ ਸੁੱਕੇ ਰਾਸ਼ਨ ਦੀ ਵੀ ਵੰਡ ਕੀਤੀ ਗਈ । ਉਨ੍ਹਾਂ ਦੱਸਿਆ ਕਿ ਸੁੱਕੇ ਰਾਸ਼ਨ ਤੇ ਪੀਣ ਵਾਲੇ ਸਾਫ ਪਾਣੀ ਦੇ ਪੁਖਤਾ ਪ੍ਰਬੰਧ ਕੀਤੇ ਗਏ ਹਨ।

ਸੀ ਟੀ ਗਰੁੱਪ ਆਫ ਇੰਸਟੀਚਿਊਸ਼ਨਜ਼ 'ਚ ਤੀਆਂ ਦਾ ਤਿਉਹਾਰ ਮਨਾਇਆ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)- ਸੀ ਟੀ ਗਰੁੱਪ ਆਫ ਇੰਸਟੀਚਿਊਟ ਸ਼ਾਹਪੁਰ ਜਲੰਧਰ ਦੀਆਂ ਵਿਦਿਆਰਥਣਾਂ ਵੱਲੋਂ ਸੀ ਟੀ ਗਰੁੱਪ ਦੇ ਚੇਅਰਮੈਨ ਚਰਨਜੀਤ ਸਿੰਘ ਚੰਨੀ ਦੀ ਪ੍ਰਧਾਨਗੀ ਹੇਠ ਤੀਆਂ ਦਾ ਤਿਉਹਾਰ ਮੇਲੇ ਦੇ ਰੂਪ ਵਿਚ ਬਹੁਤ ਧੂਮਧਾਮ ਨਾਲ ਮਨਾਇਆ। ਹਲਕਾ ਨਕੋਦਰ ਦੀ ਵਿਧਾਇਕ ਇੰਦਰਜੀਤ ਕੌਰ ਮਾਨ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਸਮੂਹ ਵਿਦਿਆਰਥੀਆਂ, ਕਾਲਜ ਸਟਾਫ ਅਤੇ ਉਹਨਾਂ ਦੇ ਮਾਪਿਆਂ ਨੂੰ ਤੀਆਂ ਦੇ ਤਿਉਹਾਰ ਦੀਆਂ ਵਧਾਈਆਂ ਦਿੱਤੀਆਂ। ਇਸ ਦੀ ਮਹਾਨਤਾ ਬਾਰੇ ਦੱਸਦੇ ਉਨ੍ਹਾਂ ਕਿਹਾ ਕਿ ਤੀਆਂ ਦਾ ਤਿਉਹਾਰ, ਸਾਡੀਆਂ ਧੀਆਂ ਦਾ ਤਿਉਹਾਰ ਹੈ ਅਤੇ ਧੀਆਂ ਦਾ ਮਾਣ ਸਤਿਕਾਰ ਕਰਨਾ ਪੰਜਾਬੀ ਵਿਰਸੇ ਦੀ ਅਸਲੀ ਪਛਾਣ ਹੁੰਦੀ ਹੈ। ਪੰਜਾਬੀ ਸੱਭਿਆਚਾਰ ਬੜਾ ਅਮੀਰ ਹੈ ਤੇ ਸਾਨੂੰ ਸਦਾ ਇਸ ਨਾਲ ਜੁੜੇ ਰਹਿਣਾ ਚਾਹੀਦਾ ਹੈ। ਤੀਆਂ ਦੇ ਤਿਉਹਾਰ ਦੀ ਇਸਤਰੀਆਂ ਬੜੇ ਚਾਵਾਂ ਨਾਲ ਉਡੀਕ ਕਰਦੀਆਂ ਹਨ, ਇਸ ਲਈ ਉਨ੍ਹਾਂ ਵਿਦਿਆਰਥਣਾਂ ਨੂੰ ਤੀਆਂ ਦੇ ਤਿਉਹਾਰ ਦੀਆਂ ਵਧਾਈਆਂ ਦਿੱਤੀਆਂ ਅਤੇ ਪੰਜਾਬੀ ਸੱਭਿਆਚਾਰ ਨਾਲ ਸੰਬੰਧਿਤ ਅਜਿਹੇ ਤਿਉਹਾਰ ਸਦਾ ਚੜ੍ਹਦੀ ਕਲਾ ਵਿੱਚ ਰਹਿ ਕੇ ਮਨਾਉਣ ਦਾ ਸੁਨੇਹਾ ਵੀ ਦਿੱਤਾ। ਰਾਜਵਿੰਦਰ ਕੌਰ ਬਿਆੜਾ ਅਤੇ ਐਨ ਆਰ ਆਈ ਸਭਾ ਦੀ ਪ੍ਰਧਾਨ ਬੀਬੀ ਪਰਮਿੰਦਰ ਕੌਰ ਬੰਗਾ ਵੀ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਕਾਲਜ ਦੀਆਂ ਸਮੂਹ ਵਿਦਿਆਰਥਣਾਂ ਪੰਜਾਬ ਦੇ ਸੱਭਿਆਚਾਰ ਨੂੰ ਦਰਸਾਉਂਦੀਆਂ ਪੌਸ਼ਾਕਾਂ ਵਿਚ ਤੀਆਂ ਦੇ ਮੇਲੇ ਵਿਚ ਪੁੱਜੀਆਂ। ਇਨ੍ਹਾਂ ਵੱਲੋਂ ਪੰਜਾਬੀ ਲੋਕ ਨਾਚ ਗਿੱਧਾ, ਕਿੱਕਲੀ, ਬੋਲੀਆਂ ਆਦਿ ਦੀ ਸ਼ਾਨਦਾਰ ਪੇਸ਼ਕਾਰੀ ਕੀਤੀ ਗਈ ਅਤੇ ਸਰੋਤਿਆਂ ਨੇ

14-Aug-PAGE-9.qxd 8/13/2025 10:46 PM Page 1

ਹਜ਼ਾਰਾਂ ਏਕੜ ਫਸਲ ਤਬਾਹ, ਕਿਸਾਨਾਂ ਨੂੰ ਤੁਰੰਤ ਮੁਆਵਜ਼ਾ ਦੇਵੇ ਸਰਕਾਰ : ਪਰਗਟ ਸਿੰਘ

ਜਲੰਧਰ (ਰਾਜੇਸ਼ ਥਾਪਾ)- ਮਾਨਸੂਨ ਕਾਰਨ ਪੰਜਾਬ ਦੇ ਕਈ ਇਲਾਕਿਆਂ ਵਿੱਚ ਹੜ੍ਹਾਂ ਦੀ ਸਥਿਤੀ ਬਣੀ ਹੋਈ ਹੈ। ਕਿਸਾਨਾਂ ਦੀ ਹਜ਼ਾਰਾਂ ਏਕੜ ਫਸਲ ਤਬਾਹ ਹੋ ਗਈ ਹੈ। ਪਰ ਪੰਜਾਬ ਸਰਕਾਰ ਹੜ੍ਹ ਪ੍ਰਬੰਧਨ ਅਤੇ ਕਿਸਾਨਾਂ ਦੀ ਦੇਖਭਾਲ ਵਿੱਚ ਬੁਰੀ ਤਰ੍ਹਾਂ ਅਸਫਲ ਸਾਬਤ ਹੋਈ ਹੈ। ਇਹ ਦੋਸ਼ ਆਲ ਇੰਡੀਆ ਕਾਂਗਰਸ ਕਮੇਟੀ ਦੇ ਸਕੱਤਰ ਅਤੇ ਵਿਧਾਇਕ ਪਦਮਸ਼੍ਰੀ ਪਰਗਟ ਸਿੰਘ ਨੇ ਪੰਜਾਬ ਸਰਕਾਰ 'ਤੇ ਲਗਾਇਆ ਹੈ। ਉਨ੍ਹਾਂ ਮੰਗ ਕੀਤੀ ਹੈ ਕਿ ਇਸ ਮਾਮਲੇ ਵਿੱਚ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾਇਆ ਜਾਵੇ ਅਤੇ ਪੰਜਾਬ ਹੜ੍ਹ ਪ੍ਰਬੰਧਨ ਐਕਟ ਪਾਸ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਅਤੇ ਉਨ੍ਹਾਂ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੂੰ ਕਿਸਾਨਾਂ ਦੀਆਂ ਤਬਾਹ ਹੋਈਆਂ ਫਸਲਾਂ ਦੀ ਗਿਰਦਾਵਰੀ ਕਰਵਾਉਣੀ ਚਾਹੀਦੀ ਹੈ ਅਤੇ ਜਲਦੀ ਤੋਂ ਜਲਦੀ ਮੁਆਵਜ਼ੇ ਦਾ ਐਲਾਨ ਕਰਨਾ ਚਾਹੀਦਾ ਹੈ। ਉਨ੍ਹਾਂ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਫੋਟੋ ਖਿਚਾਉਣ ਨੂੰ ਤਰਜੀਹ ਦੇਣ ਦੀ ਬਜਾਏ, 2023 ਦੇ ਹੜ੍ਹਾਂ ਤੋਂ ਸਬਕ ਸਿੱਖਿਆ ਜਾਵੇ ਅਤੇ ਬੁਨਿਆਦੀ ਢਾਂਚੇ ਦੇ ਸੁਧਾਰ ਲਈ ਕੰਮ ਕੀਤਾ ਜਾਵੇ, ਤਾਂ ਜੋ ਪੰਜਾਬ ਵਿੱਚ 1988 ਅਤੇ 1992 ਵਾਲੀ ਸਥਿਤੀ ਦੁਬਾਰਾ ਨਾ ਪੈਦਾ ਹੋਵੇ।ਪਦਮਸ਼੍ਰੀ ਪਰਗਟ ਸਿੰਘ ਨੇ ਕਿਹਾ ਕਿ ਕਪੂਰਥਲਾ, ਮੁਕੇਰੀਆਂ, ਸੁਲਤਾਨਪੁਰ ਲੋਧੀ, ਤਰਨਤਾਰਨ, ਪਠਾਨਕੋਟ, ਫਾਜ਼ਿਲਕਾ ਅਤੇ ਹੋਰ ਖੇਤਰਾਂ ਵਿੱਚ ਸਥਿਤੀ ਕਾਬੂ ਤੋਂ ਬਾਹਰ ਹੈ। ਇਹ ਸਥਿਤੀ ਸਿਰਫ ਮੌਸਮ ਕਾਰਨ ਹੀ ਨਹੀਂ ਹੈ, ਸਗੋਂ ਗੰਭੀਰ ਪ੍ਰਸ਼ਾਸਨਕ ਲਾਪਰਵਾਹੀ ਦਾ ਨਤੀਜਾ ਹੈ। ਪਰਗਟ ਸਿੰਘ ਨੇ ਕਿਹਾ ਕਿ ਪਹਾੜੀ ਇਲਾਕਿਆਂ ਵਿੱਚ ਭਾਰੀ ਬਾਰਿਸ਼ ਅਤੇ ਡੈਮਾਂ ਤੋਂ ਵਾਧੂ ਪਾਣੀ ਛੱਡਣਾ ਹਰ ਸਾਲ ਇੱਕ ਨਿਸਚਿਤ ਪ੍ਰਕਿਰਿਆ ਹੈ, ਫਿਰ ਵੀ ਸਤਲੁਜ, ਬਿਆਸ ਅਤੇ ਰਾਵੀ ਦੇ ਕੰਢਿਆਂ 'ਤੇ ਬੰਨ੍ਹਾਂ ਦੀ ਮੁਰੰਮਤ ਨਹੀਂ ਕੀਤੀ ਗਈ, ਨਾਲੀਆਂ ਦੀ ਸਫਾਈ ਨਹੀਂ ਕੀਤੀ ਗਈ ਅਤੇ ਸੰਵੇਦਨਸ਼ੀਲ ਥਾਵਾਂ 'ਤੇ ਨਿਗਰਾਨੀ ਨਹੀਂ ਰੱਖੀ ਗਈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਅਚਾਨਕ ਹੜ੍ਹ ਨਹੀਂ ਹੈ, ਸਗੋਂ ਲਾਪਰਵਾਹੀ ਕਾਰਨ ਆਈ ਮਨੁੱਖ ਦੁਆਰਾ ਬਣਾਈ ਗਈ ਆਫ਼ਤ ਹੈ।ਉਨ੍ਹਾਂ ਕਿਹਾ ਕਿ ਦਰਜਨਾਂ ਹੜ੍ਹ ਪ੍ਰਭਾਵਿਤ ਥਾਵਾਂ ਦੀਆਂ ਸਰਕਾਰੀ ਰਿਪੋਰਟਾਂ ਸਾਲਾਂ ਤੋਂ ਪਈਆਂ ਹਨ, ਪਰ ਕੋਈ ਠੋਸ ਇੰਜੀਨੀਅਰਿੰਗ ਯੋਜਨਾ ਨਹੀਂ ਬਣਾਈ ਗਈ, ਨਾ ਹੀ ਆਫ਼ਤ ਪ੍ਰਬੰਧਨ ਢਾਂਚੇ ਵਿੱਚ ਸੁਧਾਰ ਕੀਤਾ ਗਿਆ। ਇਹੀ ਕਾਰਨ ਹੈ ਕਿ ਅੱਜ ਬਿਆਸ ਦਾ ਪਾਣੀ ਕਪੂਰਥਲਾ ਅਤੇ ਆਸ ਪਾਸ ਦੇ ਇਲਾਕਿਆਂ ਵਿੱਚ ਦਾਖਲ ਹੋ ਗਿਆ ਹੈ।ਟਾਂਡਾ ਦੇ ਪਿੰਡ ਗੰਢੂਵਾਲ, ਕਰਤਾਰਪੁਰ ਦੇ ਪਿੰਡ ਭੈਣੀ ਬਹਾਦਰ ਅਤੇ ਤਲਵੰਡੀ ਕੂਕਾ ਵਿੱਚ ਪਾਣੀ ਖੇਤਾਂ ਅਤੇ ਘਰਾਂ ਵਿੱਚ ਦਾਖਲ ਹੋ ਗਿਆ। ਇਸ ਦੇ ਨਾਲ ਹੀ ਫਾਜ਼ਿਲਕਾ ਸਬ ਡਵੀਜ਼ਨ ਵਿੱਚ 14000 ਏਕੜ ਕਪਾਹ ਦੀ ਫਸਲ ਤਬਾਹ ਹੋ ਗਈ। ਕਿਸਾਨ ਭੋਜਨ ਦੀ ਘਾਟ ਦਾ ਸਾਹਮਣਾ ਕਰ ਰਹੇ ਹਨ ਅਤੇ ਜਾਨਵਰਾਂ ਲਈ ਚਾਰੇ ਦੀ ਘਾਟ ਕਾਰਨ ਉਨ੍ਹਾਂ ਦੇ ਮਰਨ ਦੀ ਸਥਿਤੀ ਹੈ।ਪਰਗਟ ਸਿੰਘ ਨੇ ਮੰਗ ਕੀਤੀ ਕਿ ਸਾਰੇ ਪ੍ਰਭਾਵਿਤ ਪਿੰਡਾਂ ਵਿੱਚ ਤੁਰੰਤ ਰਾਹਤ ਕੈਂਪ ਲਗਾਏ ਜਾਣ। ਕਿਸਾਨਾਂ, ਦੁਕਾਨਦਾਰਾਂ ਅਤੇ ਪਰਵਾਰਾਂ ਨੂੰ ਬਿਨਾਂ ਦੇਰੀ ਦੇ ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ। ਸਥਾਈ ਹੜ੍ਹ ਰੋਕਥਾਮ ਅਤੇ ਬੰਨ੍ਹ ਮਜ਼ਬੂਤ ਕਰਨ ਦੀ ਯੋਜਨਾ ਲਾਗੂ ਕੀਤੀ ਜਾਣੀ ਚਾਹੀਦੀ ਹੈ।

ਬੀ ਐੱਲ ਪੀ ਜੂਨੀਅਰ ਗੋਲਫ ਟੂਰਨਾਮੈਂਟ ਦਾ ਆਯੋਜਨ

ਨਵਾਂਗਾਉਂ (ਗੁਰਜੀਤ ਬਿੱਲਾ)- ਬੀ ਐਲ ਪੀ ਗਰੁੱਪ ਜ਼ੀਰਕਪੁਰ ਦੇ ਸਹਿਯੋਗ ਨਾਲ, ਫਾਰੈਸਟ ਹਿਲਸ ਵਿਖੇ ਇੱਕ ਜੂਨੀਅਰ ਗੋਲਫ ਟੂਰਨਾਮੈਂਟ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵੱਖ-ਵੱਖ ਸਕੂਲਾਂ ਦੇ ਵੱਖ-ਵੱਖ ਉਮਰ ਸਮੂਹਾਂ ਦੇ ਬੱਚਿਆਂ ਨੇ ਹਿੱਸਾ ਲਿਆ।ਅਰਮਾਨ ਸਿੰਘ ਵਿਰਕ ਦੀ ਅਗਵਾਈ ਹੇਠ ਯਾਦਵਿੰਦਰਾ ਪਬਲਿਕ ਸਕੂਲ ਮੋਹਾਲੀ ਨੇ ਇੰਟਰ-ਸਕੂਲ ਟੂਰਨਾਮੈਂਟ ਜਿੱਤਿਆ ਹੈ, ਜਦੋਂ ਕਿ ਦਿੱਲੀ ਪਬਲਿਕ ਸਕੂਲ ਪਹਿਲੇ ਰਮਰ ਅੱਪ ਅਤੇ ਸੌਪਿਨਸ ਇੰਟਰਨੈਸ਼ਨਲ ਦੂਜੇ ਰਨਰ ਅੱਪ ਵਜੋਂ ਸਥਾਨ ਪ੍ਰਾਪਤ ਕਰਦਾ ਹੈ। ਹਰਫੇਹ, ਗੁਰਮੇਹਰ, ਹਰਟੇਗ, ਜਸਕੀਰਤ ਅਤੇ ਜ਼ੋਰਾਵਰ ਨੇ ਮੁੰਡਿਆਂ ਦੇ ਵੱਖ-ਵੱਖ ਵਰਗਾਂ ਵਿੱਚ ਗੋਲਡ ਮੈਡਲ ਜਿੱਤੇ ਹਨ। ਜਦੋਂ ਕਿ ਆਰਾਧਿਆ, ਜ਼ੀਵਾ, ਅਨੁਰੀਤ ਅਤੇ ਪਾਵਨੀ ਵੱਖ-ਵੱਖ ਉਮਰ ਸਮੂਹਾਂ ਦੀਆਂ ਕੁੜੀਆਂ ਦੇ ਵਰਗਾਂ ਵਿੱਚ ਪਹਿਲੇ ਸਥਾਨ 'ਤੇ ਹਨ। ਸਟ੍ਰੈਟੈਸਟ ਡਰਾਈਵ ਰੋਹਾਰਸ਼ ਅਤੇ ਬੈਸਟ ਪੁੱਟ ਸੁਰਮ੍ਰਾਬ ਮੁਖਤਾਰ ਸਿੰਘ ਦੁਆਰਾ ਬਣਾਇਆ ਗਿਆ ਸੀ।ਬੀ ਐਲ ਪੀ ਗਰੁੱਪ ਜ਼ੀਰਕਪੁਰ ਤੋਂ ਸ਼ਿਵਾ ਗੋਇਲ ਅਤੇ ਧਰਮਚੰਦ ਅਗਰਵਾਲ ਨੇ ਨਵਜੋਤ ਸਿੰਘ ਦੇ ਨਾਲ ਡਾਇਰੈਕਟਰ ਕੈਸਲ ਸਟ੍ਰੋਕ ਦੁਆਰਾ ਸਾਰੀਆਂ ਸ਼੍ਰੇਣੀਆਂ ਦੇ ਜੇਤੂਆਂ ਨੂੰ ਟਰਾਫੀਆਂ ਵੰਡੀਆਂ।ਸੀਨੀਅਰ ਕੋਚ ਪਾਲ ਸਿੰਘ ਅਤੇ ਪ੍ਰੀਤਇੰਦਰ ਕੌਰ ਨੂੰ ਵੀ ਸਮਾਗਮ ਵਿੱਚ ਸਨਮਾਨਤ ਕੀਤਾ ਗਿਆ।

ਲੋਕਾਂ ਦੀ ਏਕਤਾ ਨੇ ਲੈਂਡ ਪੂਲਿੰਗ ਸਕੀਮ ਵਾਪਸ ਲੈਣ ਲਈ ਸਰਕਾਰ ਨੂੰ ਮਜਬੂਰ ਕੀਤਾ : ਰਾਣਾ

ਬਲਾਚੌਰ (ਜਸਵਿੰਦਰ ਬੈਂਸ)- ਸਾਂਝਾ ਕਿਸਾਨ ਮਜ਼ਦੂਰ ਮੋਰਚਾ ਸਬੰਧਤ ਭਾਈ ਲਾਲੋ ਲੋਕ ਮੰਚ ਪੰਜਾਬ ਦੇ ਜ਼ਿਲ੍ਹੇ ਦੇ ਆਗੂਆਂ ਦੀ ਮੀਟਿੰਗ ਹਰਪਾਲ ਸਿੰਘ ਮੱਕੋਵਾਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੌਰਾਨ ਸੂਬਾਈ ਆਗੂ ਸਾਥੀ ਕਰਨ ਸਿੰਘ ਰਾਣਾ ਨੇ ਕਿਹਾ ਕਿ ਸਮੁੱਚੇ ਪੰਜਾਬ ਦੇ ਕਿਸਾਨ ਮਜ਼ਦੂਰ ਦੁਕਾਨਦਾਰ ਅਤੇ ਵੱਖ-ਵੱਖ ਜਥੇਬੰਦੀਆਂ ਦੇ ਆਗੂ ਵਧਾਈ ਦੇ ਪਾਤਰ ਹਨ ਅਤੇ ਉਨਾਂ ਨੇ ਸਰਕਾਰ ਨੂੰ ਲੈਂਡ ਪੂਲਿੰਗ ਸਕੀਮ ਦੇ ਨੋਟੀਫਕੇਸ਼ਨ ਨੂੰ ਰੱਦੀ ਵਿੱਚ ਸੁੱਟਣ ਲਈ ਮਜਬੂਰ ਕਰ ਦਿੱਤਾ ਹੈ। ਇਸ ਮੌਕੇ ਸਾਥੀ ਰਾਣਾ ਨੇ ਕਿਹਾ ਕਿ ਫਰੀ ਟਰੇਡ ਐਗਰੀਮੈਂਟ ਅਤੇ ਬਿਜਲੀ ਸੋਧ ਬਿਲ 2005 ਦੀ ਤਲਵਾਰ ਹਰ ਵੇਲੇ ਸਾਡੇ ਸਿਰ ਤੇ ਲਟਕ ਰਹੀ ਹੈ। ਸਾਡਾ ਨਾਰਾ ਲੋਕ ਏਕਤਾ ਅਤੇ ਲਗਾਤਾਰ ਸੰਘਰਸ਼ ਹੋਵੇਗਾ। ਇਸ ਮੌਕੇ ਹਰਦੇਵ ਸਿੰਘ ਰਾਣਾ, ਚੰਨਣ ਸਿੰਘ ਮੰਢਿਆਣੀ, ਪਰਮਜੀਤ ਸਿੰਘ ਸਰਪੰਚ ਮੋਹਰ, ਪਰਮਿੰਦਰ ਬੈਂਸ, ਮੋਹਨ ਲਾਲ, ਮਨੋਹਰ ਲਾਲ ਆਦਿ ਹਾਜ਼ਰ ਸਨ।

ਜਨਮ ਅਸ਼ਟਮੀ ਉਤਸਵ 16 ਨੂੰ ਮਨਾਇਆ ਜਾਵੇਗਾ

ਮਹਿਤਪੁਰ (ਰਾਜਾ) ਇਥੇ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਉਤਸਵ 16 ਅਗਸਤ ਨੂੰ ਭੰਡਾਰੀ ਮੰਦਿਰ ਵਿਖੇ ਭੰਡਾਰੀ ਮੰਦਰ ਪ੍ਰਬੰਧਕ ਕਮੇਟੀ ਅਤੇ ਭੰਡਾਰੀ ਮੰਦਰ ਇਸਤਰੀ ਸਤਿਸੰਗ ਸਭਾ ਵੱਲੋਂ ਬੜੀ ਸ਼ਰਧਾ ਅਤੇ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ। ਸ੍ਰੀ ਕ੍ਰਿਸ਼ਨ ਮਹਿਮਾ ਦਾ ਗੁਣਗਾਨ ਪੰਜਾਬ ਦੇ ਨਾਮਵਾਰ ਕਲਾਕਾਰ ਰਮਨ ਦੀਵਾਨ ਚੰਡੀਗੜ੍ਹ ਵਾਲੇ ਰਾਤ 8 ਵਜੇ ਕਰਨਗੇ। ਪ੍ਰਬੰਧਕੀ ਕਮੇਟੀ ਦੇ ਮੈਂਬਰ ਚੰਦਨ ਭੰਡਾਰੀ, ਅਨਿਲ ਸੂਦ ਤੇ ਆਸੂ ਭਗਰੀਆ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਜਨਮ ਅਸ਼ਟਮੀ ਵਾਲੇ ਦਿਨ ਅਤੇ ਰਾਤ ਕਈ ਤਰ੍ਹਾਂ ਦੇ ਲੰਗਰ ਲਗਾਏ ਜਾਣਗੇ। ਇਸ ਸਬੰਧ 'ਚ ਸੱਦਾ ਪੱਤਰ ਕਾਰਡ ਜਾਰੀ ਕਰਨ ਸਮੇਂ ਚੰਦਨ ਭੰਡਾਰੀ, ਅਨਿਲ ਸੂਦ, ਆਸੂ ਭਗਰੀਆ, ਪੰਡਿਤ ਵਿਸ਼ਨੂੰ ਦੱਤ , ਵਿੱਕੀ ਭੰਡਾਰੀ, ਰਾਵੀ ਸ਼ਰਮਾ, ਮਨੀਸ਼ ਸ਼ਰਮਾ ਆਦਿ ਹਾਜਰ ਸਨ।

ਫਾਲਕਨ ਇੰਟਰਨੈਸ਼ਨਲ ਸਕੂਲ 'ਚ ਇੰਟਰ ਸਕੂਲ ਫੁੱਟਬਾਲ ਮੁਕਾਬਲੇ

ਸੁਲਤਾਨਪੁਰ ਲੋਧੀ (ਹਨੀ) ਫਾਲਕਨ ਇੰਟਰਨੈਸ਼ਨਲ ਸਕੂਲ ਵਿਖੇ ਸੁਲਤਾਨਪੁਰ ਲੋਧੀ ਬਲਾਕ 1 ਦੇ ਫੁੱਟਬਾਲ ਮੁਕਾਬਲੇ ਕਰਾਏ ਗਏ। ਇਸ ਵਿੱਚ ਵੱਖ-ਵੱਖ ਉਮਰ ਵਰਗ ਦੇ ਲੜਕੇ-ਲੜਕੀਆਂ ਨੇ ਭਾਗ ਲਿਆ । ਅੰਡਰ 17 ਲੜਕੀਆਂ ਦੇ ਮੁਕਾਬਲੇ ਵਿੱਚ ਫਾਲਕਨ ਇੰਟਰਨੈਸ਼ਨਲ ਸਕੂਲ ਨੇ ਪਹਿਲੇ ਸਥਾਨ 'ਤੇ ਕਬਜ਼ਾ ਕੀਤਾ ਅਤੇ ਅਕਾਲ ਗਲੈਕਸੀ ਸਕੂਲ ਦੀਆਂ ਲੜਕੀਆਂ ਦੂਜੇ ਸਥਾਨ 'ਤੇ ਰਹੀਆਂ । ਅੰਡਰ 17 ਲੜਕਿਆਂ ਦੇ ਮੁਕਾਬਲੇ ਵਿੱਚ ਅਕਾਲ ਗਲੈਕਸੀ ਸਕੂਲ ਪਹਿਲੇ ਅਤੇ ਫਾਲਕਨ ਇੰਟਰਨੈਸ਼ਨਲ ਸਕੂਲ ਦੂਜੇ ਸਥਾਨ 'ਤੇ ਰਿਹਾ । ਅੰਡਰ 19 ਵਿੱਚ ਅਕਾਲ ਗਲੈਕਸੀ ਸਕੂਲ ਨੇ ਪਹਿਲੇ ਸਥਾਨ 'ਤੇ ਕਬਜ਼ਾ ਕੀਤਾ । ਅੰਡਰ 14 ਵਿੱਚ ਲੜਕੇ ਅਤੇ ਲੜਕੀਆਂ ਦੇ ਮੁਕਾਬਲੇ ਵਿੱਚ ਫਾਲਕਨ ਇੰਟਰਨੈਸ਼ਨਲ ਸਕੂਲ ਦੀਆ ਟੀਮਾਂ ਜੇਤੂ ਰਹੀਆਂ । ਸਕੂਲ ਦੇ ਚੇਅਰਮੈਨ ਕਰਨਲ ਅਜੀਤ ਸਿੰਘ ਢਿੱਲੋਂ ਅਤੇ ਡਾਇਰੈਕਟਰ ਮੈਡਮ ਨਵਦੀਪ ਕੌਰ ਢਿੱਲੋਂ ਵੱਲੋਂ ਵੱਖ-ਵੱਖ ਸਕੂਲਾਂ ਤੋਂ ਆਏ ਅਧਿਆਪਕਾਂ, ਸੁਲਤਾਨਪੁਰ ਲੋਧੀ ਬਲਾਕ -1 ਦੇ ਸਕੱਤਰ ਮਨਦੀਪ ਸਿੰਘ, ਸੁਖਜਿੰਦਰ ਸਿੰਘ ਅਤੇ ਪਹੁੰਚੇ ਖਿਡਾਰੀਆਂ ਦਾ ਧੰਨਵਾਦ ਕੀਤਾ । ਇਸ ਮੌਕੇ ਵਾਇਸ ਪ੍ਰਿੰਸੀਪਲ ਮੈਡਮ ਰਵਿੰਦਰਜੀਤ ਕੌਰ, ਐਨ ਸੀ ਸੀ ਇੰਚਾਰਜ ਗੁਰਬਚਨ ਸਿੰਘ, ਡੀ ਪੀ ਈ ਜਤਿੰਦਰ ਸਿੰਘ, ਸੁਨੀਲ ਕੁਮਾਰ, ਮੈਡਮ ਰਜਨੀ ਧੀਰ ਆਦਿ ਸਟਾਫ ਮੈਂਬਰ ਹਾਜਰ ਸਨ ।

ਮੁੱਖ ਮੰਤਰੀ ਦੀ ਅਗਵਾਈ ਹੇਠ ਹੋਈ ਐੱਚ ਪੀ ਪੀ ਸੀ ਦੀ ਮੀਟਿੰਗ

ਚੰਡੀਗੜ੍ਹ (ਕ੍ਰਿਸ਼ਨ ਗਰਗ)- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਹਾਈ ਪਾਵਰਡ ਪਰਚੇਜ਼ ਕਮੇਟੀ (ਐਚ ਪੀ ਪੀ ਸੀ) ਦੀ ਮੀਟਿੰਗ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸੂਬੇ ਦੇ ਵੱਖ-ਵੱਖ ਵਿਭਾਗਾਂ ਨਾਲ ਜੁੜੀ ਲਗਭਗ 1763 ਕਰੋੜ ਰੁਪਏ ਤੋਂ ਵੱਧ ਦੀ ਵੱਖ-ਵੱਖ ਵਸਤੂਆਂ ਦੇ ਖਰੀਦ ਪ੍ਰਸਤਾਵਾਂ ਅਤੇ ਰੇਟ ਕੰਟ੍ਰੈਕਟ ਨੂੰ ਮਨਜ਼ੂਰੀ ਪ੍ਰਦਾਨ ਕੀਤੀ ਗਈ। ਮੀਟਿੰਗ ਵਿੱਚ ਵੱਖ-ਵੱਖ ਬੋਲੀਦਾਤਾਵਾਂ ਨਾਲ ਨੈਗੋਸ਼ਿਏਸ਼ਨ ਦੇ ਬਾਅਦ ਦਰਾਂ ਤੈਅ ਕਰ ਕੇ ਲਗਭਗ 10 ਕਰੋੜ ਰੁਪਏ ਤੋਂ ਵੱਧ ਦੀ ਬੱਚਤ ਕੀਤੀ ਗਈ ਹੈ।ਮੀਟਿੰਗ ਵਿੱਚ ਊਰਜਾ ਅਤੇ ਟ੍ਰਾਂਸਪੋਰਟ ਮੰਤਰੀ ਅਨਿਲ ਵਿਜ, ਸਿਖਿਆ ਮੰਤਰੀ ਮਹੀਪਾਲ ਢਾਂਡਾ, ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼ਿਆਮ ਸਿੰਘ ਰਾਣਾ, ਲੋਕ ਨਿਰਮਾਣ (ਭਵਨ ਅਤੇ ਸੜਕਾਂ) ਮੰਤਰੀ ਰਣਬੀਰ ਗੰਗਵਾ ਅਤੇ ਮਹਿਲਾ ਅਤੇ ਬਾਲ ਵਿਕਾਸ ਮੰਤਰੀ ਸ਼ਰੂਤੀ ਚੌਧਰੀ ਮੌਜੂਦ ਰਹੇ।ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਮੀਟਿੰਗ ਵਿੱਚ ਸਪਸ਼ਟ ਦਿੱਤੇ ਕਿ ਮਨਜ਼ੂਰ ਸਾਰੀਆਂ ਪਰਿਯੋਜਨਾਵਾਂ ਦੀ ਗੁਣਵੱਤਾ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇ ਅਤੇ ਇਨ੍ਹਾਂ ਨੂੰ ਤੈਅ ਸਮੇਂ ਸੀਮਾ ਅੰਦਰ ਪੂਰਾ ਕੀਤਾ ਜਾਵੇ। ਮੀਟਿੰਗ ਵਿੱਚ ਕਾਨੂੰਨ ਅਤੇ ਵਿਵਸਥਾ ਨੂੰ ਮਜ਼ਬੂਤ ਕਰਨ ਲਈ ਲਗਭਗ 12 ਕਰੋੜ ਰੁਪਏ ਦੀ ਲਾਗਤ ਨਾਲ 29 ਨਵੀਂਆਂ 52 ਸੀਟਰ ਬੱਸਾਂ ਅਤੇ 6 ਮਿੰਨੀ ਬੱਸਾਂ ਦੀ ਖਰੀਦ ਨੂੰ ਵੀ ਮਨਜ਼ੂਰੀ ਦਿੱਤੀ ਗਈ। ਇਸ ਤੋਂ ਇਲਾਵਾ, ਬਿਜਲੀ ਸਪਲਾਈ ਨੂੰ ਬਿਹਤਰ ਬਣਾਉਣ ਲਈ ਦੱਖਣ ਹਰਿਆਣਾ ਬਿਜਲੀ ਵੰਡ ਨਿਗਮ ਅਤੇ ਉੱਤਰ ਹਰਿਆਣਾ ਬਿਜਲੀ ਵੰਡ ਨਿਗਮ ਵੱਲੋਂ ਲਗਭਗ 234.19 ਕਰੋੜ ਰੁਪਏ ਦੀ ਲਾਗਤ ਨਾਲ ਐਲਟੀ ਐਕਸ ਐਲ ਪੀ ਈ ਆਰਡਬਲ ਕੇਬਲ, ਵੱਖ-ਵੱਖ ਪੋਲ ਅਤੇ 20 ਕੇਵੀਏ ਟ੍ਰਾਂਸਫਾਰਮਰ ਦੀ ਖਰੀਦ ਨੂੰ ਵੀ ਮਨਜ਼ੂਰੀ ਦਿੱਤੀ ਗਈ।ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਬਿਜਲੀ ਸਮੱਗਰੀਆਂ ਅਤੇ ਉਪਕਰਣਾਂ ਦੀ ਖਰੀਦ ਵਿੱਚ ਸੁਰੱਖਿਆ ਮਾਨਕਾਂ ਦੇ ਮੱਦੇਨਜਰ ਕਿਸੇ ਤਰ੍ਹਾ ਦੀ ਢਿੱਲ ਨਾ ਵਰਤੀ ਜਾਵੇ।ਮੀਟਿੰਗ ਵਿੱਚ ਸਿੱਖਿਆ ਅਤੇ ਸਮਾਜਿਕ ਭਲਾਈ ਦੇ ਖੇਤਰ ਵਿੱਚ ਵੀ ਮਹਤੱਵਪੂਰਨ ਫੈਸਲੇ ਲਏ ਗਏ। ਸਰਕਾਰੀ ਸਕੂਲਾਂ ਵਿੱਚ ਕਲਾਸ 6 ਤੋਂ 12 ਤੱਕ ਦੀ ਕੁੜੀਆਂ ਨੂੰ ਫਰੀ ਸੈਨੇਟਰੀ ਪੈਡ ਉਪਲਬਧ ਕਰਾਉਣ ਦੇ ਪ੍ਰਸਤਾਵ ਨੂੰ ਮਨਜ਼ੂਰੀ ਪ੍ਰਦਾਨ ਕੀਤੀ ਗਈ। ਇਸ ਤੋਂ ਇਲਾਵਾ, ਲਗਭਗ 3.20 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਨਾਲ ਕਲਾਊਡ ਸਰਵਰ ਅਤੇ ਸਟੋਰੇਜ ਸਮਰੱਥਾ ਸੇਵਾਵਾਂ ਨੂੰ ਮਜ਼ਬੂਤ ਕੀਤਾ ਜਾਵੇਗਾ। ਮੀਟਿੰਗ ਵਿੱਚ ਮੁੱਖ ਸਕੱਤਰ ਅਨੁਰਾਗ ਰਸਤੋਗੀ, ਮਹਿਲਾ ਅਤੇ ਬਾਲ ਵਿਕਾਸ ਵਿਭਾਗ ਦੇ ਵਧੀਕ ਮੁੱਖ ਸਕੱਤਰ ਸੁਧੀਰ ਰਾਜਪਾਲ, ਗ੍ਰਹਿ ਵਿਭਾਗ ਦੀ ਵਧੀਕ ਮੁੱਖ ਸਕੱਤਰ ਡਾ. ਸੁਮਿਤਾ ਮਿਸ਼ਰਾ, ਪ੍ਰਿੰਸੀਪਲ ਐਡਵਾਈਜਰ ਅਰਬਨ ਡਿਵੇਲਪਮੈਂਟ ਡੀ.ਐਸ. ਢੇਸੀ, ਮੁੱਖ ਮੰਤਰੀ ਦੇ ਪ੍ਰਧਾਨ ਸਕੱਤਰ ਅਰੁਣ ਕੁਮਾਰ ਗੁਪਤਾ, ਸਕੂਲਾ ਸਿਖਿਆ ਵਿਭਾਗ ਦੇ ਵਧੀਕ ਮੁੱਖ ਸਕੱਤਰ ਸ੍ਰੀ ਵਿਨੀਤ ਗਰਗ, ਪੁਲਸ ਡਾਇਰੈਕਟਰ ਜਨਰਲ ਸ਼ਤਰੂਜੀਤ ਕਪੂਰ, ਸਪਲਾਈ ਅਤੇ ਡਿਸਪੋਜ਼ਲ ਵਿਭਾਗ ਦੇ ਡਾਇਰੈਕਟਰ ਜਨਰਲ ਪੰਕਜ ਦੇ ਇਲਾਵਾ ਸਬੰਧਤ ਵਿਭਾਗਾਂ ਦੇ ਪ੍ਰਸ਼ਾਸਨਕ ਸਕੱਤਰ ਮੌਜੂਦ ਰਹੇ।

ਤੀਆਂ ਦਾ ਤਿਉਹਾਰ ਮਨਾਇਆ

ਫਿਲੌਰ (ਨਿਰਮਲ)- ਫਿਟਨੈੱਸ ਫਸਟ ਲੇਡੀਜ਼ ਜਿਮ ਫਿਲੌਰ ਵੱਲੋਂ ਸਥਾਨਕ ਜੈਨ ਰੋਇਲ ਹੋਟਲ ਵਿਖੇ ਤੀਆ ਦਾ ਪੰਜਵਾਂ ਤਿਉਹਾਰ ਮਨਾਇਆ ਗਿਆ ਜਿਸ ਵਿੱਚ ਮੁੱਖ ਮਹਿਮਾਨ ਵਜੋਂ ਕੌਂਸਲਰ ਰਾਜਵਿੰਦਰ ਕੌਰ ਭਾਰਤੀ ਅਤੇ ਕੌਂਸਲ

14 Aug Page 10.qxd 8/13/2025 10:31 PM Page 1

ਲੋਕ ਸਾਹਿਤ ਅਕਾਦਮੀ ਮੋਗਾ ਦਾ ਸਾਹਿਤਕ ਸਮਾਗਮ

● ਡਾ. ਅਮਰਜੀਤ ਕਾਉਂਕੇ ਦੀ ਕਿਤਾਬ 'ਇਸ ਧਰਤੀ 'ਤੇ ਰਹਿੰਦਿਆਂ' ਲੋਕ ਅਰਪਣ

ਮੋਗਾ (ਇਕਬਾਲ ਸਿੰਘ ਖਹਿਰਾ)- ਲੋਕ ਸਾਹਿਤ ਅਕਾਦਮੀ ਮੋਗਾ ਵੱਲੋਂ ਡਾ. ਅਮਰਜੀਤ ਕਾਉਂਕੇ ਦੇ ਕਾਵਿ- ਸੰਗ੍ਰਹਿ 'ਇਸ ਧਰਤੀ 'ਤੇ ਰਹਿੰਦਿਆਂ' ਦਾ ਲੋਕ ਅਰਪਣ ਅਤੇ ਵਿਚਾਰ ਗੋਸ਼ਟੀ ਸਮਾਗਮ ਸੁਤੰਤਰਤਾ ਸੈਨਾਨੀ ਭਵਨ ਮੋਗਾ ਵਿਖੇ ਕਰਵਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਉੱਘੇ ਨਾਵਲਕਾਰ ਬਲਦੇਵ ਸਿੰਘ ਸੜਕਨਾਮਾ ਨੇ ਕੀਤੀ ਅਤੇ ਪ੍ਰਧਾਨਗੀ ਮੰਡਲ ਵਿੱਚ ਡਾ. ਮੇਹਰ ਮਾਣਕ, ਡਾ.ਅਮਰਜੀਤ ਕਾਉਂਕੇ, ਡਾ. ਸੁਰਜੀਤ ਬਰਾੜ ਘੋਲੀਆ, ਡਾ. ਗੁਰਵਿੰਦਰ ਅਮਨ ਰਾਜਪੁਰਾ ਅਤੇ ਪ੍ਰਧਾਨ ਅਸ਼ੋਕ ਚੱਟਾਨੀ ਸ਼ਾਮਲ ਸਨ। ਨਾਵਲਕਾਰ ਬਲਦੇਵ ਸਿੰਘ ਸੜਕਨਾਮਾ ਨੇ ਪ੍ਰਧਾਨਗੀ ਭਾਸ਼ਣ ਵਿਚ ਕਿਹਾ ਕਿ ਕਾਉਂਕੇ ਦੀ ਕਿਤਾਬ 'ਤੇ ਨਿੱਠ ਕੇ ਹੋਈ ਚਰਚਾ ਦੱਸਦੀ ਹੈ ਕਿ ਕਾਉਂਕੇ ਕੋਲ ਕਵਿਤਾ ਹੈ। ਉਹਨਾਂ ਕਾਉਂਕੇ ਤੇ ਕਿਤਾਬ 'ਤੇ ਲਿਖਿਆ ਸ਼ਬਦ ਚਿੱਤਰ ਵੀ ਪੜ੍ਹਿਆ। ਪੁਸਤਕ 'ਤੇ ਪਰਚਾ ਪੜ੍ਹਦਿਆਂ ਪ੍ਰਸਿੱਧ ਆਲੋਚਕ ਡਾ.ਸੁਰਜੀਤ ਬਰਾੜ ਘੋਲੀਆ ਨੇ ਕਿਹਾ ਕਿ ਅਮਰਜੀਤ ਕਾਉਂਕੇ ਕੋਲੋ ਵਿਸ਼ਵ ਪੱਧਰੀ ਕਵਿਤਾ ਦਾ ਗਿਆਨ ਹੈ। ਨਵ-ਪੂੰਜੀਵਾਦੀ ਵਿਸ਼ਵੀਕਰਨ ਨੂੰ ਕਾਉਂਕੇ ਦੀ ਕਵਿਤਾ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਡਾ. ਮੇਹਰ ਮਾਣਕ ਨੇ ਬਹਿਸ ਦਾ ਆਗਾਜ਼ ਕਰਦੇ ਕਾਉਂਕੇ ਦੀ ਕਵਿਤਾ ਨੂੰ ਖੇਤਰੀ, ਕੌਮੀ ਅਤੇ ਕੌਮਾਂਤਰੀ ਸੰਕਟਾਂ ਨਾਲ਼ ਗ੍ਰਸਤ ਕਿਹਾ ਹੈ। ਜਸਵੀਰ ਕਲਸੀ ਧਰਮਕੋਟ, ਰਣਜੀਤ ਸਰਾਂਵਾਲੀ, ਅਲਫ਼ਾਜ਼, ਧਾਮੀ ਗਿੱਲ, ਗੁਰਪ੍ਰੀਤ ਧਰਮਕੋਟ, ਅਮਰ ਘੋਲੀਆ ਅਤੇ ਗੁਰਚਰਨ ਸਿੰਘ ਸੰਘਾ ਨੇ ਵਿਚਾਰ ਚਰਚਾ ਨੂੰ ਅੱਗੇ ਵਧਾਉਂਦੇ ਹੋਏ ਕਾਉਂਕੇ ਦੀ ਕਵਿਤਾ ਦੇ ਵੱਖ-ਵੱਖ ਪਹਿਲੂਆਂ 'ਤੇ ਗੱਲ ਕੀਤੀ। ਡਾ. ਗੁਰਵਿੰਦਰ ਅਮਨ ਪ੍ਰਧਾਨ ਲੋਕ ਸਾਹਿਤ ਸੰਗਮ, ਰਾਜਪੁਰਾ ਨੇ ਵਧਾਈ ਦਿੰਦੇ ਹੋਏ ਕਿਹਾ ਕਿ ਕਾਉਂਕੇ ਪ੍ਰੌੜ੍ਹ ਕਵੀ ਤੇ ਪ੍ਰਗਤੀਸ਼ੀਲ ਵਿਚਾਰਧਾਰਾ ਨੂੰ ਪ੍ਰਣਾਏ ਹੋਏ ਹਨ ਉਨ੍ਹਾਂ ਲੋਕ ਸਾਹਿਤ ਅਕਾਦਮੀ ਮੋਗਾ ਨੂੰ ਵਧੀਆ ਸਮਾਗਮ ਕਰਵਾਉਣ ਦੀ ਵਧਾਈ ਦਿੱਤੀ। ਅਮਰਜੀਤ ਕਾਉਂਕੇ ਨੇ ਆਪਣੀ ਸਿਰਜਣ ਪ੍ਰਕਿਰਿਆ ਬਾਰੇ ਗੱਲ ਕਰਦਿਆਂ ਆਪਣੀਆਂ ਤਿੰਨ ਚਾਰ ਕਵਿਤਾਵਾਂ ਸੁਣਾ ਕੇ ਸਰੋਤਿਆਂ ਤੋਂ ਕਾਫ਼ੀ ਵਾਹ-ਵਾਹ ਖੱਟੀ। ਸਟੇਜ ਦੀ ਕਾਰਵਾਈ ਨੌਜਵਾਨ ਸ਼ਾਇਰ ਚਰਨਜੀਤ ਸਮਾਲਸਰ ਨੇ ਬਾਖੂਬੀ ਚਲਾਈ। ਪ੍ਰਧਾਨ ਅਸ਼ੋਕ ਚੱਟਾਨੀ ਨੇ ਆਏ ਹੋਏ ਸਾਹਿਤਕਾਰਾਂ ਦਾ ਧੰਨਵਾਦ ਕੀਤਾ। ਲੋਕ ਸਾਹਿਤ ਅਕਾਦਮੀ ਮੋਗਾ ਵੱਲੋਂ ਕਵੀ ਅਮਰਜੀਤ ਕਾਉਂਕੇ ਦਾ ਲੋਈ ਅਤੇ ਮੋਮੈਂਟੋ ਨਾਲ਼ ਸਨਮਾਨ ਕੀਤਾ। ਦੂਜੇ ਸੈਸ਼ਨ ਦੀ ਸ਼ੁਰੂਆਤ ਕਾਮਰੇਡ ਜੀਤ ਦੇ ਗੀਤ ਨਾਲ ਹੋਈ। ਜਿਸ ਵਿੱਚ ਡਾ. ਸੁਰਜੀਤ ਬਰਾੜ ਘੋਲੀਆ ਦਾ ਚੌਥਾ ਨਾਵਲ 'ਕਾਲੀ ਕੰਬਲੀ', ਗੁਰਸ਼ਰਨ ਕੌਰ ਮੋਗਾ ਦੀ ਕਿਤਾਬ 'ਅਸੀਂ ਹਾਂ ਰੁੱਖ ਪੰਜਾਬ ਦੇ', ਏਕਮ ਦੀ ਕਹਾਣੀਆਂ ਦੀ ਪਲੇਠੀ ਪੁਸਤਕ 'ਨੀਨਿਆ', ਮੈਗਜ਼ੀਨ ਪ੍ਰਤਿਮਾਨ ਦਾ 85 ਵਾਂ ਅਤੇ ਮੈਗਜ਼ੀਨ ਲੋਹਮਣੀ ਦਾ 70 ਵਾਂ ਅੰਕ ਲੋਕ ਅਰਪਣ ਕੀਤਾ ਗਿਆ। ਕਵੀ ਦਰਬਾਰ ਵਿਚ ਨਰਿੰਦਰ ਰੋਹੀ, ਸੋਨੀ ਮੋਗਾ, ਤਰਸੇਮ ਲੰਡੇ, ਪ੍ਰੇਮ ਕੁਮਾਰ, ਪ੍ਰਸ਼ੋਤਮ ਪੱਤੋ, ਡਾ ਸਰਬਜੀਤ ਕੌਰ ਬਰਾੜ, ਕਰਮਜੀਤ ਕੌਰ ਲੰਡੇਕੇ, ਜੰਗੀਰ ਸਿੰਘ ਖੋਖਰ, ਹੈਪੀ ਸ਼ਾਇਰ, ਹਰਵਿੰਦਰ ਸਿੰਘ ਬਿਲਾਸਪੁਰ, ਜਸਵੰਤ ਰਾਊਕੇ, ਜਸਵੰਤ ਗਿੱਲ ਸਮਾਲਸਰ, ਕੁਲਵਿੰਦਰ ਸਿੰਘ ਦਿਲਗੀਰ, ਅਮਰੀਕ ਸਿੰਘ ਸੈਦੋਕੇ, ਨਛੱਤਰ ਸਿੰਘ ਪ੍ਰੇਮੀ, ਕੁਲਵਿੰਦਰ ਵਿਰਕ, ਕਵੀ ਜੀਤ ਜਗਪਾਲ ਗਾਜੀਆਣਾ,ਯਸ਼ ਪੱਤੋ, ਪ੍ਰਿਤਪਾਲ ਜ਼ੀਰਾ, ਮੇਜਰ ਸਿੰਘ ਕਾਲੇਕੇ ਅਤੇ ਬਲਵਿੰਦਰ ਕੈਂਥ ਨੇ ਆਪੋ ਆਪਣੀਆਂ ਕਵਿਤਾਵਾਂ/ਰਚਨਾਵਾਂ ਸੁਣਾਈਆਂ। ਇਸ ਤੋਂ ਇਲਾਵਾ ਸਮਾਗਮ ਵਿੱਚ ਹਰਨੇਕ ਸਿੰਘ ਰੋਡੇ, ਨਵਨੀਤ ਸੇਖਾ,ਪ੍ਰਿੰਸੀਪਲ ਰਣਧੀਰ ਸਿੰਘ ਗਿੱਲ, ਗਿਆਨ ਸਿੰਘ ਸਾਬਕਾ ਡੀ ਪੀ ਆਰ ਓ, ਨਾਟਕਕਾਰ ਮੋਹੀ ਅਮਰਜੀਤ, ਵਿਵੇਕ ਕੋਟ ਈਸੇ ਖਾਂ, ਪਰਮਜੀਤ ਚੂਹੜਚੱਕ, ਡਾਕਟਰ ਬਲਦੇਵ ਸਿੰਘ ਢਿੱਲੋ, ਕੁਲਦੀਪ ਸਿੰਘ ਮੋਗਾ, ਹਰਭਜਨ ਸਿੰਘ ਨਾਗਰਾ, ਗੁਰਮੀਤ ਰੱਖਰਾ ਕੜਿਆਲ ਅਤੇ ਬਲਵੀਰ ਸਿੰਘ ਪਰਦੇਸੀ ਹਾਜ਼ਰ ਸਨ।

ਗਿਅਰਬਾਕਸ ਦੀ ਸਵਸਥ ਨਿਗਰਾਨੀ ਤੇ ਉਪਯੋਗੀ ਜੀਵਨ ਅਨੁਮਾਨ 'ਤੇ ਸੋਧ ਪੱਤਰ ਪ੍ਰਕਾਸ਼ਿਤ

ਰਾਜਪੁਰਾ (ਰਮੇਸ਼ ਕਟਾਰੀਆ)- ਸਥਾਨਕ ਪਟੇਲ ਮੈਮੋਰੀਅਲ ਨੈਸ਼ਨਲ ਕਾਲਜ ਦੇ ਪ੍ਰਿੰਸੀਪਲ ਡਾ. ਚੰਦਰ ਪ੍ਰਕਾਸ਼ ਗਾਂਧੀ ਦੁਆਰਾ ਗਿਅਰਬਾਕਸ ਦੀ ਨਿਗਰਾਨੀ ਅਥਵਾ ਨਵੇਂ ਪਹਿਲੂਆਂ ਉਪਰ ਚਰਚਾ ਕਰਕੇ ਸ਼ੋਧ ਪੱਤਰ ਲਿਖਿਆ ਗਿਆ, ਜੋ ਕਿ ਸਾਇੰਟਿਫਿਕ ਸਾਈਟੇਸ਼ਨ ਇੰਡੈਕਸ ਜਨਰਲ ਵਿਚ ਪ੍ਰਕਾਸ਼ਿਤ ਹੋਇਆ ਜਿਸ ਦਾ ਪ੍ਰਭਾਵ ਕਾਰਕ 7.9 ਹੈ। ਗਿਅਰ ਉਦਯੋਗਿਕ ਮਸ਼ੀਨਰੀ ਤੋਂ ਲੈ ਕੇ ਏਅਰੋਸਪੇਸ ਅਤੇ ਆਟੋਮੋਟਿਵ ਅਨੁਪਰਯੋਗਾਂ ਤੱਕ ਵਿਭਿੰਨ ਯਾਂਤਰਿਕ ਪ੍ਰਣਾਲੀਆਂ ਵਿਚ ਪ੍ਰਯੁਕਤ ਮਹੱਤਵਪੂਰਨ ਘਟਕਾਂ ਵਿਚੋਂ ਇਕ ਹੈ। ਉਹਨਾਂ ਦੱਸਿਆ ਕਿ ਗਿਅਰ ਉਦਯੋਗਿਕ ਮਸ਼ੀਨਰੀ ਦੇ ਮਹੱਤਵਪੂਰਨ ਘਟਕਾਂ ਵਿਚੋਂ ਇਕ ਹੈ ਅਤੇ ਆਪਣੇ ਜੀਵਨ ਦੇ ਅਧਿਕਤਰ ਸਮੇਂ ਉਚ ਭਾਰ ਹੇਠਾਂ ਕੰਮ ਕਰਦੇ ਹਨ। ਡਾ. ਗਾਂਧੀ ਦੁਆਰਾ ਕੀਤਾ ਇਹ ਸ਼ੋਧ ਕਾਰਜ ਹੈਲਥ ਇੰਡੇਕਸ ਅਤੇ ਰਿਮੇਨਿੰਗ ਯੂਜ਼ਫੁੱਲ ਲਾਈਫ ਦਾ ਅਨੁਮਾਨ ਲਗਾਉਣ ਲਈ ਇਕ ਸਿਗਨਲ ਪ੍ਰੋਸੈਸਿੰਗ ਢਾਂਚਾ ਸਥਾਪਿਤ ਕਰਦਾ ਹੈ। ਸਭ ਤੋਂ ਪਹਿਲਾਂ ਇਕ ਮੋਰਲੇਟ ਵੇਵਲੇਟ ਦੇ ਨਾਲ ਇਕ ਸਤਤ ਵੇਵਲੇਟ ਰੂਪਾਂਤਰਣ (ਸੀ ਡਬਲਯੂ ਟੀ) ਦਾ ਉਪਯੋਗ ਕੱਚੇ ਕੰਪਨ ਸੰਕੇਤਾਂ ਨੂੰ ਵਿਘਟਿਤ ਕਰਨ ਲਈ ਕੀਤਾ ਜਾਂਦਾ ਹੈ, ਉਸ ਤੋਂ ਬਾਅਦ ਸੀ ਡਬਲਯੂ ਟੀ ਗੁਣਾਂਕਾਂ ਦੀ ਗੁਣਨਾ ਕੀਤੀ ਜਾਂਦੀ ਹੈ।

ਮਰੀਜ਼ਾਂ ਨੂੰ ਕਿੱਤਾਮੁਖੀ ਕੋਰਸ ਕਰਵਾਉਣ ਉਪਰੰਤ ਸਰਟੀਫਿਕੇਟ ਦਿੱਤੇ

ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)- ਡਿਪਟੀ ਕਮਿਸ਼ਨਰ ਫਰੀਦਕੋਟ ਪੂਨਮਦੀਪ ਕੌਰ ਦੇ ਹੁਕਮਾਂ ਤਹਿਤ ਪੰਜਾਬ ਸਰਕਾਰ ਵੱਲੋਂ ਪੰਜਾਬ ਵਿੱਚੋਂ ਨਸ਼ਿਆਂ ਦਾ ਕੋਹੜ ਜੜ੍ਹ ਤੋਂ ਵੱਢਣ ਲਈ ਸੂਬੇ ਭਰ ਵਿੱਚ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਾ ਛੁਡਾਊ ਪੁਨਰਵਾਸ ਕੇਂਦਰ ਫਰੀਦਕੋਟ ਵਿਖੇ ਦਾਖਲ ਮਰੀਜ਼ਾਂ ਨੂੰ ਰੂਰਲ ਸਵੈ ਰੁਜ਼ਗਾਰ ਅਤੇ ਸਿਖਲਾਈ ਸੰਸਥਾ ਫਰੀਦਕੋਟ ਦੇ ਸਹਿਯੋਗ ਨਾਲ ਫਾਸਟ ਫੂਡ ਦਾ ਕੋਰਸ ਕਰਵਾਇਆ ਗਿਆ। ਡੀਸੀ ਦਫਤਰ ਵਿਖੇ ਕੋਰਸ ਵਿੱਚ ਭਾਗ ਲੈਣ ਵਾਲੇ ਮਰੀਜ਼ਾਂ ਨੂੰ ਮਾਣਯੋਗ ਏਡੀਸੀ (ਡੀ) ਨਰਭਿੰਦਰ ਸਿੰਘ ਗਰੇਵਾਲ ਵੱਲੋਂ ਸਰਟਫਿਕੇਟ ਵੰਡੇ ਗਏ। ਇਸ ਮੌਕੇ ਉਹਨਾਂ ਨਾਲ ਸਿਵਲ ਸਰਜਨ ਫਰੀਦਕੋਟ ਡਾ. ਚੰਦਰ ਸ਼ੇਖਰ ਕੱਕੜ, ਡਾਇਰੈਕਟਰ ਪਰਮਜੀਤ ਸਿੰਘ, ਡਿਪਟੀ ਮੈਡੀਕਲ ਕਮਿਸ਼ਨਰ ਡਾ. ਵਿਸ਼ਵਦੀਪ ਗੋਇਲ ਵੀ ਹਾਜਰ ਸਨ। ਇਸ ਤੋਂ ਇਲਾਵਾ ਮੈਡੀਕਲ ਅਫਸਰ ਡਾਕਟਰ ਮਨਪ੍ਰੀਤ ਕੌਰ, ਮੈਨੇਜਰ ਅਗਿਆਪਾਲ, ਕਾਉਂਸਲਰ ਗੁਰਸਾਹਿਬ ਸਿੰਘ ਅਤੇ ਅਰਵਿੰਦਰ ਕੌਰ ਵੀ ਮੌਜੂਦ ਸਨ।

ਨਿਕੋਨ ਕੰਪਨੀ ਵੱਲੋਂ ਫੋਟੋਗ੍ਰਾਫੀ ਵਰਕਸ਼ਾਪ

ਬੁਢਲਾਡਾ (ਅਸ਼ੋਕ ਲਾਕੜਾ)- ਨਿਕੋਨ ਕੰਪਨੀ ਵੱਲੋਂ ਬੁਢਲਾਡਾ ਵਿਖੇ ਫੋਟੋਗ੍ਰਾਫੀ ਦੇ ਰੁਚਿਕਰ ਵਿਸ਼ਿਆਂ 'ਤੇ ਆਧਾਰਿਤ ਇੱਕ ਵਿਸ਼ੇਸ਼ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਨਿਕੋਨ ਕੰਪਨੀ ਦੇ ਮਾਹਿਰ ਮਾਨ ਵਰਿੰਦਰ ਸਿੰਘ ਅਤੇ ਹਰਸਿਮਰਨਪਾਲ ਸਿੰਘ ਨੇ ਹਾਜ਼ਰ ਫੋਟੋਗ੍ਰਾਫਰਾਂ ਨੂੰ ਨਵੀਂ ਤਕਨਾਲੋਜੀ, ਕੈਮਰਾ ਸੈਟਿੰਗਾਂ, ਲਾਇਟਿੰਗ, ਐਂਗਲਿੰਗ ਅਤੇ ਪ੍ਰੋਫੈਸ਼ਨਲ ਫੋਟੋ

ਸ਼ੂਟ ਦੇ ਗੁਰਾਂ ਬਾਰੇ ਵਧੀਆ ਜਾਣਕਾਰੀ ਦਿੱਤੀ।ਵਰਕਸ਼ਾਪ ਵਿੱਚ ਬੁਢਲਾਡਾ ਇਕਾਈ ਨਾਲ ਸੰਬੰਧਤ ਸਾਰੇ ਫੋਟੋਗ੍ਰਾਫਰਾਂ ਨੇ ਵੱਧ ਚੜ੍ਹ ਕੇ ਭਾਗ ਲਿਆ ਅਤੇ ਮਾਹਿਰਾਂ ਨਾਲ ਸਿੱਧੀ ਗੱਲਬਾਤ ਕਰਦੇ ਹੋਏ ਆਪਣੇ ਸੰਦੇਹ ਦੂਰ ਕੀਤੇ। ਪ੍ਰੋਗਰਾਮ ਦੌਰਾਨ ਚੇਅਰਮੈਨ ਇੰਦਰਜੀਤ ਸਿੰਘ ਟੋਨੀ, ਪੰਜਾਬ ਯੂਆਇੰਟ ਸਕੱਤਰ ਗਿਆਨ ਚੰਦ ਸ਼ਰਮਾ, ਪ੍ਰਧਾਨ ਸੰਦੀਪ ਸ਼ਰਮਾ, ਸਕੱਤਰ ਕੁਲਦੀਪ ਸ਼ਰਮਾ ਅਤੇ ਖਜਾਨਚੀ ਕਰਮਜੀਤ ਸ਼ਰਮਾ ਹਾਜ਼ਰ ਰਹੇ।ਇਸ ਮੌਕੇ ਆਏ ਹੋਏ ਵਿਸ਼ੇਸ਼ ਮਹਿਮਾਨਾਂ ਦਾ ਸਨਮਾਨ ਕੀਤਾ ਗਿਆ ਅਤੇ ਵਰਕਸ਼ਾਪ ਦੇ ਅੰਤ 'ਤੇ ਹਾਜ਼ਰੀਨ ਲਈ ਇੱਕ ਲੱਕੀ ਡਰਾਅ ਵੀ ਕੱਢਿਆ ਗਿਆ ।

ਫ਼ੀਲਖ਼ਾਨਾ ਵਿਖੇ ਅੰਤਰਰਾਸ਼ਟਰੀ ਯੁਵਕ ਦਿਵਸ ਮਨਾਇਆ

ਪਟਿਆਲਾ (ਭੁਪਿੰਦਰਜੀਤ ਮੌਲਵੀਵਾਲਾ)- ਸਕੂਲ ਆਫ ਐਮੀਨੈਂਸ ਫੀਲਖਾਨਾ ਪਟਿਆਲਾ ਵਿਖੇ ਪ੍ਰਿੰਸੀਪਲ ਡਾਕਟਰ ਰਜਨੀਸ਼ ਗੁਪਤਾ ਦੀ ਅਗਵਾਈ ਦੇ ਵਿੱਚ ਅੰਤਰਰਾਸ਼ਟਰੀ ਯੁਵਕ ਦਿਵਸ

ਮਨਾਇਆ ਗਿਆ ।ਇਸ ਮੌਕੇ ਡਾਕਟਰ ਗੁਪਤਾ ਨੇ ਵਿਦਿਆਰਥੀਆਂ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਦੁਨੀਆਂ ਦੀ ਸਭ ਤੋਂ ਵੱਡੀ ਪੰਚਾਇਤ ਯੂ. ਐਨ. ਓ ਵੱਲੋਂ 12 ਅਗਸਤ ਦਾ ਦਿਨ ਅੰਤਰਰਾਸ਼ਟਰੀ ਯੁਵਕ ਦਿਵਸ ਦੇ ਤੌਰ 'ਤੇ ਘੋਸ਼ਿਤ ਕੀਤਾ ਗਿਆ ਹੈ।ਉਹਨਾਂ ਇਸ ਮੌਕੇ ਨੌਜਵਾਨਾਂ ਨੂੰ ਦੇਸ਼ ਦੀ ਤਰੱਕੀ ਅਤੇ ਦੇਸ਼ ਦੀ ਦਰਪੇਸ਼ ਮੁਸ਼ਕਲਾਂ ਦੇ ਵਿੱਚ ਆਪਣਾ ਯੋਗਦਾਨ ਪਾਉਣ ਦਾ ਸੁਨੇਹਾ ਦਿੱਤਾ। ਫੀਲਖਾਨਾ ਸਕੂਲ ਵਿਖੇ ਪਿਛਲੇ ਛੇ ਸਾਲਾਂ ਤੋਂ ਐਨ ਐਸ ਐਸ ਦੀ ਗਤੀਵਿਧੀਆਂ, ਜਿਨ੍ਹਾਂ ਦੇ ਵਿੱਚ ਰਾਸ਼ਟਰੀ, ਅੰਤਰਰਾਸ਼ਟਰੀ ਦਿਵਸ ਅਤੇ ਮਹੱਤਵਪੂਰਨ ਦਿਨਾਂ ਨੂੰ ਪੂਰੇ ਜੋਸ਼ ਨਾਲ ਮਨਾਇਆ ਜਾਂਦਾ ਹੈ। ਅਜੋਕੇ ਦਿਨ ਵੀ ਪ੍ਰੋਗਰਾਮ ਅਫਸਰ ਮਨੋਜ ਥਾਪਰ ਅਤੇ ਸਟੇਟ ਅਵਾਰਡੀ ਅਧਿਆਪਕ ਪ੍ਰੋਗਰਾਮ ਅਫਸਰ ਪ੍ਰਗਟ ਸਿੰਘ ਦੀ ਅਗਵਾਈ ਵਿੱਚ ਅੰਤਰਰਾਸ਼ਟਰੀ ਯੁਵਕ ਦਿਵਸ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਵੱਲੋਂ ਸੱਭਿਆਚਾਰਕ ਗੀਤ , ਲੋਕ ਸਾਜ਼ ਅਤੇ ਪੰਜਾਬ ਦੇ ਰਵਾਇਤੀ ਭੰਗੜੇ ਅਤੇ ਗਿੱਧੇ ਦਾ ਪ੍ਰਦਰਸ਼ਨ ਵੀ ਕੀਤਾ ਗਿਆ। ਪ੍ਰੋਗਰਾਮ ਦੇ ਵਿੱਚ ਐਨ ਐਸ ਐਸ ਦੇ 200 ਵਲੰਟੀਅਰਜ਼ ਨੇ ਭਾਗ ਲਿਆ ।ਪ੍ਰੋਗਰਾਮ ਦੇ ਅੰਤ ਦੇ ਵਿੱਚ ਸਮੂਹ ਵਲੰਟੀਅਰਜ਼ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ । ਇਸ ਯੁਵਕ ਦਿਵਸ ਦੇ ਵਿੱਚ ਮੰਚ ਸੰਚਾਲਨ ਦੀ ਭੂਮਿਕਾ ਅਕਸ਼ੈ ਕੁਮਾਰ ਖਨੌਰੀ ਮੀਡੀਆ ਕੋਆਰਡੀਨੇਟਰ ਫੀਲਖਾਨਾ ਸਕੂਲ ਨੇ ਨਿਭਾਈ। ਪ੍ਰੋਗਰਾਮ ਦੇ ਵਿੱਚ ਹੋਰਨਾਂ ਤੋਂ ਇਲਾਵਾ ਲੈਕਚਰਾਰ ਆਸ਼ਾ ਰਾਣੀ, ਲੈਕਚਰਾਰ ਆਰਤੀ, ਲੈਕਚਰਾਰ ਅਮੀਰ ਚੰਦ, ਲੈਕਚਰਾਰ ਰਵਿੰਦਰ ਕੌਰ, ਨਰਿੰਦਰ ਪਾਲ ਸਿੰਘ, ਕੰਪਿਊਟਰ ਫੈਕਲਟੀ ਮੰਜੂ ਅਰੋੜਾ, ਰੁਚੀ ਗਰਗ, ਰਾਜੀਵ ਕੁਮਾਰੀ ਆਦਿ ਨੇ ਸ਼ਮੂਲੀਅਤ ਕੀਤੀ।

ਗਲੀ ਦੇ ਨਿਰਮਾਣ ਕਾਰਜ ਕਰਵਾਉਣ ਦੇ ਨਾਲ ਸੀਵਰੇਜ ਸਮੱਸਿਆ ਦਾ ਹੱਲ ਕਰਨ ਦੀ ਮੰਗ

ਜਲਾਲਾਬਾਦ (ਜੀਤ ਕੁਮਾਰ)- ਸਥਾਨਕ ਸ਼ਹਿਰ ਦੀ ਗਣੇਸ਼ ਨਗਰੀ ਨਿਵਾਸੀਆਂ ਵੱਲੋਂ ਸੜਕ ਦੇ ਨਿਰਮਾਣ ਕਾਰਜ ਨੂੰ ਕਰਵਾਉਣ ਦੇ ਨਾਲ ਨਾਲ ਸੀਵਰੇਜ ਦੀ ਸਮੱਸਿਆ ਦਾ ਹੱਲ ਕਰਨ ਦੀ ਮੰਗ ਲਈ ਹਲਕਾ ਵਿਧਾਇਕ ਜਗਦੀਪ ਕੰਬੋਜ ਗੋਲਡੀ, ਡਿਪਟੀ ਕਮਿਸ਼ਨਰ ਫਾਜ਼ਿਲਕਾ, ਐਸ.ਡੀ.ਐਮ. ਜਲਾਲਾਬਾਦ, ਡਾਇਰੈਕਟਰ (ਲੋਕਲ ਬਾਡੀ) ਪੰਜਾਬ ਚੰਡੀਗੜ੍ਹ ਅਤੇ ਈ.ਓ. ਨਗਰ ਕੌਂਸਲ ਜਲਾਲਾਬਾਦ ਨੂੰ ਇਕ ਪੱਤਰ ਭੇਜਿਆ ਗਿਆ ਹੈ। ਜਲਾਲਾਬਾਦ ਦੀ ਗਣੇਸ਼ ਨਗਰੀ ਦੇ ਨਿਵਾਸੀ ਅਸ਼ੋਕ ਕੁਕਰੇਜਾ, ਸਾਬਕਾ ਕੌਂਸਲਰ ਸੁਰੀਨਾ ਕੁਕਰੇਜਾ, ਸੁਨੀਲ ਕੁਮਾਰ, ਰਮਨ ਕੁਮਾਰ, ਸਾਜਨ ਕੁਮਾਰ, ਰਾਜ ਕੁਮਾਰ, ਰਾਹੁਲ, ਅਸ਼ਵਨੀ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਕਾਰਜ ਸਾਧਕ ਅਫਸਰ ਨਗਰ ਕੌਂਸਲ ਜਲਾਲਾਬਾਦ ਨੂੰ ਇਕ ਪੱਤਰ ਲਿਖਤੀ ਰੂਪ ਵਿੱਚ ਦਿੱਤਾ ਗਿਆ ਹੈ ਕਿ ਗਣੇਸ਼ ਨਗਰੀ ਵਿੱਚ ਗਲੀਆਂ ਵਿਚ ਇਟਰਲਾਕ ਟਾਇਲਾਂ ਲਗਾ ਕੇ ਬਣਾਈਆਂ ਜਾ ਰਹੀਆਂ ਹਨ, ਜਿਨ੍ਹਾਂ ਦਾ ਕੰਮ ਵੀ ਚੱਲ ਰਿਹਾ ਹੈ, ਪਰ ਸਾਡੀ ਨਗਰੀ ਵਿੱਚ ਇਕ ਛੋਟੀ ਗਲੀ ਵਿੱਚ

ਸੀਵਰੇਜ ਦੀ ਪਾਇਪ ਠੀਕ ਨਹੀਂ ਹੈ, ਜਿਸ ਕਾਰਨ ਸੀਵਰੇਜ ਵਾਰ ਵਾਲ ਬਲਾਕ ਹੋ ਜਾਂਦਾ ਹੈ ਅਤੇ ਸਾਰੀ ਗਲੀ ਦੇ ਵਸਨੀਕਾਂ ਨੂੰ ਕਾਫੀ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਹਲਕਾ ਵਿਧਾਇਕ ਜਗਦੀਪ ਕੰਬੋਜ ਗੋਲਡੀ ਵੱਲੋਂ ਵੀ ਸਖਤ ਹਦਾਇਤ ਕੀਤੀ ਗਈ ਹੈ ਕਿ ਕੋਈ ਵੀ ਗਲੀ ਬਣਨ ਤੋਂ ਪਹਿਲਾਂ ਜੇਕਰ ਕੋਈ ਵੀ ਕਿਸੇ ਤਰ੍ਹਾਂ ਦੀ ਪਾਇਪ ਲੀਕੇਜ ਜਾਂ ਡੈਮੇਜ ਹੈ, ਨੂੰ ਪਹਿਲਾਂ ਠੀਕ ਕਰਕੇ ਹੀ ਸੜਕ ਬਣਾਈ ਜਾਵੇ ਤਾਂ ਜੋ ਸੜਕ ਦੀ ਦੁਬਾਰਾ ਪੁਟਾਈ ਨਾ ਕਰਨੀ ਪਵੇ। ਗਲੀ ਵਾਸੀਆਂ ਦਾ ਕਹਿਣਾ ਹੈ ਕਿ ਉਹ ਇਸ ਮਸਲੇ ਦੇ ਹੱਲ ਨੂੰ ਲੈ ਕੇ ਉਹ ਕਈ ਵਾਰ ਨਗਰ ਕੌਂਸਲ ਦੇ ਸੀਵਰੇਜ ਇੰਚਾਰਜ ਨੂੰ ਫੋਨ ਕੀਤੇ ਅਤੇ ਦਫਤਰ ਜਾ ਕੇ ਇਸ ਸੀਵਰੇਜ ਸਮੱਸਿਆ ਦਾ ਹੱਲ ਕਰਨ ਬਾਰੇ ਬੇਨਤੀ ਕੀਤੀ ਗਈ ਹੈ ਲੇਕਿਨ ਅਫਸੋਸ ਇਸ ਗੱਲ ਦਾ ਹੈ ਕਿ ਇਸ ਮਸਲੇ ਦਾ ਹੱਲ ਨਹੀਂ ਕੀਤਾ ਜਾ ਰਿਹਾ ਹੈ। ਜਿਸ ਕਾਰਨ ਇਸ ਗਲੀ ਦਾ ਨਿਰਮਾਣ ਕੰਮ ਵੀ ਅੱਧ ਵਿਚਾਲੇ ਰ

14-Aug-page-11-Majha-2025.qxd 8/13/2025 10:44 PM Page 1

ਲੈਂਡ ਪੂਲਿੰਗ ਨੀਤੀ ਦਾ ਨੋਟੀਫਿਕੇਸ਼ਨ ਰੱਦ ਹੋਣ ਤੱਕ ਸੰਘਰਸ਼ ਜਾਰੀ ਰਹੇਗਾ: ਐੱਸ ਕੇ ਐੱਮ

ਪਠਾਨਕੋਟ (ਦਵਿੰਦਰ ਸਿੰਘ)-ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਪਠਾਨਕੋਟ ਸੰਯੁਕਤ ਕਿਸਾਨ ਮੋਰਚੇ ਵੱਲੋਂ ਟ੍ਰੰਪ ਅਤੇ ਮੋਦੀ ਦੇ ਪੁਤਲੇ ਫੂਕੇ ਗਏ।ਇਸ ਮੌਕੇ ਰੈਲੀ ਕੀਤੀ ਗਈ ਜਿਸ ਦੀ ਪ੍ਰਧਾਨਗੀ ਕੇਵਲ ਸਿੰਘ ਕੰਗ, ਬਲਦੇਵ ਰਾਜ ਭੋਆ, ਪਰਸ਼ੋਤਮ ਕੁਮਾਰ ਬੜੋਈ, ਅਮਰੀਕ ਸਿੰਘ, ਆਈ. ਐੱਸ. ਗੁਲਾਟੀ ਨੇ ਕੀਤੀ। ਰੈਲੀ ਨੂੰ ਬਲਵੰਤ ਸਿੰਘ, ਕੇਵਲ ਕਾਲੀਆ, ਇਕਬਾਲ ਸਿੰਘ, ਕੇਵਲ ਸਿੰਘ ਕੰਗ ਨੇ ਸੰਬੋਧਨ ਕੀਤਾ।ਟਰੇਡ ਯੂਨੀਅਨ ਵੱਲੋਂ ਸੁਰਿੰਦਰ ਸਹਿਗਲ, ਸੁਭਾਸ਼ ਸ਼ਰਮਾ ਨੇ ਮੰਗਾਂ ਦਾ ਸਮਰਥਨ ਕੀਤਾ।ਬੁਲਾਰਿਆਂ ਨੇ ਕਿਹਾ ਕਿ ਅਮਰੀਕਾ ਦਾ ਰਾਸ਼ਟਰਪਤੀ ਟ੍ਰੰਪ ਭਾਰਤ ਸਰਕਾਰ ਦੇ ਮੁਫ਼ਤ ਟੈਕਸ ਵਪਾਰ ਲਈ ਦਬਾਅ ਪਾ ਰਿਹਾ ਹੈ।ਅਮਰੀਕਾ ਚਾਹੁੰਦਾ ਹੈ ਕਿ ਭਾਰਤ ਅਨਾਜ ਤੇ ਦੁੱਧ ਉਤਪਾਦ ਅਤੇ ਮੱਛਲੀ ਵਪਾਰ ਨੂੰ ਟੈਕਸ ਮੁਕਤ ਕਰੇ।ਅਜਿਹਾ ਹੋਣ ਨਾਲ ਭਾਰਤ ਦੀ ਕਿਸਾਨੀ, ਦੁੱਧ ਉਤਪਾਦਕ ਅਤੇ ਮੱਛਲੀ ਦਾ ਰੁਜ਼ਗਾਰ ਕਰਨ ਵਾਲੇ ਤਬਾਹ ਹੋ ਜਾਣਗੇ।ਉਨ੍ਹਾਂ ਨੇ ਮੰਗ ਕੀਤੀ ਕਿ ਭਾਰਤ ਸਰਕਾਰ ਅਮਰੀਕਾ ਦੇ ਦਬਾਅ ਅੱਗੇ ਝੁਕ ਕੇ ਮੁਫ਼ਤ ਵਪਾਰ ਸਮਝੌਤਾ ਪ੍ਰਵਾਨ ਨਾ ਕਰੇ। ਚਿਤਾਵਨੀ ਦੇਣ ਲਈ ਟਰੰਪ ਅਤੇ ਮੋਦੀ ਦੇ ਪੁਤਲੇ ਫੂਕੇ ਗਏ ਹਨ।ਉਨ੍ਹਾਂ ਕਿਹਾ ਕਿ ਲੈਂਡ ਪੂਲਿੰਗ ਨੀਤੀ

ਰੱਦ ਹੋਣ ਤਕ ਸੰਘਰਸ਼ ਜਾਰੀ ਰਹੇਗਾ।ਰੱਦ ਕਰਨ ਦੀ ਚਿੱਠੀ ਵਿੱਚ 14 ਮਈ ਅਤੇ ਸੋਧਾਂ ਦਾ ਜ਼ਿਕਰ ਹੈ, ਪਰ 4 ਜੂਨ ਦੀ ਨੀਤੀ ਦਾ ਜ਼ਿਕਰ ਨਹੀਂ ਹੈ।ਸਰਕਾਰ ਸਥਿਤੀ ਸਪੱਸ਼ਟ ਕਰੇ।ਉਨ੍ਹਾਂ ਜਾਣਕਾਰੀ ਦਿੱਤੀ ਕਿ 24 ਮਈ ਦੀ ਸਮਰਾਲਾ ਰੈਲੀ ਲਈ ਪਠਾਨਕੋਟ ਤੋਂ ਵੱਡੀ ਗਿਣਤੀ ਵਿੱਚ ਗੱਡੀਆਂ ਦਾ ਕਾਫ਼ਲਾ ਰਵਾਨਾ ਹੋਵੇਗਾ।ਸਰਕਾਰ ਕਿਸਾਨਾਂ ਨੂੰ ਖਾਦ ਮਿਲਣਾ ਯਕੀਨੀ ਬਣਾਵੇ ਨਹੀਂ ਤਾਂ ਸੰਯੁਕਤ ਕਿਸਾਨ ਮੋਰਚਾ ਪਠਾਨਕੋਟ ਸੜਕ ਜਾਮ ਜਾਂ ਹੋਰ ਰੋਸ ਪ੍ਰਦਰਸ਼ਨ ਕਰਨ ਲਈ ਮਜਬੂਰ ਹੋਵੇਗਾ। ਸਰਕਾਰ ਸਪੈਸ਼ਲ ਗਿਰਦਾਵਰੀਆਂ ਕਰਵਾ ਕੇ ਕਿਸਾਨਾਂ ਨੂੰ ਮੁਆਵਜ਼ਾ ਦਿੱਤਾ ਜਾਵੇ।

ਪੰਜਾਬ ਸਰਕਾਰ ਵੱਲੋਂ ਲੈਂਡ ਪੂਲਿੰਗ ਪਾਲਿਸੀ ਨੂੰ ਵਾਪਸ ਲੈਣਾ ਸ਼ਲਾਘਾਯੋਗ ਕੰਮ: ਜੱਗਾ ਮਜੀਠਾ

ਮਜੀਠਾ (ਸੋਇਮ ਆਨੰਦ)-ਮਾਨ ਸਰਕਾਰ ਨੇ ਲੈਂਡ ਪੂਲਿੰਗ ਪਾਲਿਸੀ ਨੂੰ ਵਾਪਸ ਲੈ ਕੇ ਸਹੀ ਮਾਅਨਿਆਂ ਵਿਚ ਕਿਸਾਨ ਹਿਤੈਸ਼ੀ ਹੋਣ ਦਾ ਸਬੂਤ ਦਿੱਤਾ ਹੈ ਅਤੇ ਇਹ ਇੱਕ ਸ਼ਲਾਘਾਯੋਗ ਕੰਮ ਕੀਤਾ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਹਲਕਾ ਮਜੀਠਾ ਦੇ ਸੀਨੀਅਰ ਆਗੂ ਜਗਵਿੰਦਰਪਾਲ ਸਿੰਘ ਜੱਗਾ ਮਜੀਠਾ ਨੇ ਗੱਲਬਾਤ ਕਰਦਿਆਂ ਕੀਤਾ।ਜੱਗਾ ਮਜੀਠਾ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਦੇ ਹਿੱਤਾਂ ਦੀ ਰਾਖੀ ਕਰਨ ਵਾਸਤੇ ਯਤਨਸ਼ੀਲ ਹੈ ਅਤੇ ਸਰਕਾਰ ਕੋਈ ਵੀ ਅਜਿਹਾ ਕਦਮ ਨਹੀਂ ਚੁੱਕਦੀ ਜਿਸ ਨਾਲ ਸੂਬੇ ਦੇ ਲੋਕ ਖੁਸ਼ ਨਾ ਹੋਣ।ਆਮ ਆਦਮੀ ਪਾਰਟੀ ਦੀ ਸਰਕਾਰ ਜ਼ਿੱਦ ਵਾਲੀ ਰਾਜਨੀਤੀ ਨਹੀਂ ਕਰਦੀ।ਆਮ ਆਦਮੀ ਪਾਰਟੀ ਦੀ ਸਰਕਾਰ ਹਮੇਸ਼ਾ ਲੋਕ ਭਲਾਈ, ਕਿਸਾਨਾਂ ਦੇ ਹਿੱਤਾਂ ਵਾਸਤੇ ਕੰਮ ਕਰਨ ਨੂੰ ਪਹਿਲ ਦਿੰਦੀ ਹੈ।ਸਰਕਾਰ ਨੇ ਲੈਂਡ ਪੂਲਿੰਗ ਦੀ ਨੀਤੀ ਵੀ ਕਿਸਾਨਾਂ ਦੀ ਭਲਾਈ ਵਾਸਤੇ ਹੀ ਲਿਆਂਦੀ ਸੀ ਪਰ ਇਸ ਨਾਲ ਅਗਰ ਸੂਬੇ ਦੇ ਕਿਸਾਨਾਂ ਦੀ ਅਸਹਿਮਤੀ ਹੈ ਤਾਂ ਇਸ ਨੂੰ ਜ਼ਬਰਦਸਤੀ ਲਾਗੂ ਕਰਨਾ ਜਨਹਿੱਤ ਵਿਚ ਨਹੀਂ ਸੀ ਜਿਸ ਕਰਕੇ ਸਰਕਾਰ ਨੇ ਕਿਸਾਨਾਂ, ਮਜ਼ਦੂਰਾਂ ਅਤੇ ਲੋਕਾਂ ਦੇ ਹਿੱਤਾਂ ਨੂੰ ਵੇਖਦੇ ਹੋਏ ਇਹ ਨੀਤੀ ਵਾਪਸ ਲੈਣ ਦਾ ਐਲਾਨ ਕੀਤਾ ਹੈ।ਜੱਗਾ ਮਜੀਠਾ ਨੇ ਕਿਹਾ ਕਿ ਸੂਬੇ ਦੇ ਹਰੇਕ ਕਿਸਾਨ ਦੀ ਜ਼ਮੀਨ, ਉਸ ਦੇ ਹੱਕ ਅਤੇ ਕਿਸਾਨ/ਮਜ਼ਦੂਰ ਦੀ ਮਿਹਨਤ ਸੁਰੱਖਿਅਤ ਹੈ।

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਪੰਜਾਬੀ ਲਿੱਪੀ ਨੂੰ ਸੁਧਾਰਨ ਦਾ ਉਚੇਰਾ ਕਾਰਜ ਕੀਤਾ: ਮਾੜੀਮੇਘਾ

* ਕੇਂਦਰ ਸਰਕਾਰ ਅੱਤ ਦੀ ਵਧੀ ਮਹਿੰਗਾਈ 'ਤੇ ਕੰਟਰੋਲ ਕਰੇ: ਸੋਹਲ, ਗੁਰਦਿਆਲ, ਵਲਟੋਹਾ

ਖਡੂਰ ਸਾਹਿਬ (ਨਜ਼ਸ)-ਭਾਰਤੀ ਕਮਿਊਨਿਸਟ ਪਾਰਟੀ ਦੀ ਖਡੂਰ ਸਾਹਿਬ ਬਲਾਕ ਦੀ ਮੀਟਿੰਗ ਹੋਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਸੀਪੀਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰਗੱਦੀ ਦਿਵਸ 'ਤੇ 12 ਸਤੰਬਰ ਨੂੰ ਸੀਪੀਆਈ ਵੱਲੋਂ ਵਿਸ਼ਾਲ ਰਾਜਨੀਤਕ ਕਾਨਫਰੰਸ ਅਤੇ ਸਭਿਆਚਾਰਕ ਸਮਾਗਮ ਕੀਤਾ ਜਾ ਰਿਹਾ ਹੈ। ਇਤਿਹਾਸਕ ਨਗਰ ਖਡੂਰ ਸਾਹਿਬ ਗੁਰੂਆਂ ਦੀ ਧਰਤੀ ਹੈ।ਗੁਰੂ ਅੰਗਦ ਦੇਵ ਜੀ ਨੇ ਮਾਤ ਭਾਸ਼ਾ ਪੰਜਾਬੀ ਦੀ ਗੁਰਮੁਖੀ ਲਿੱਪੀ ਨੂੰ ਸੁਧਾਰਨ ਦਾ ਉਚੇਰਾ ਕਾਰਜ ਕੀਤਾ ਸੀ।ਜਿਹੜੀ ਕੌਮ ਆਪਣੀ ਮਾਤ ਭਾਸ਼ਾ ਤੋਂ ਮੂੰਹ ਮੋੜਦੀ ਹੈ ਉਹ ਤਰੱਕੀ ਨਹੀਂ ਕਰ ਸਕਦੀ।ਪੰਜਾਬ ਵਿੱਚ ਇਸ ਵੇਲੇ ਕੁੱਝ ਮੂੰਹ ਮੋੜਨ ਵਾਲਾ ਵਰਤਾਰਾ ਚੱਲ ਰਿਹਾ ਹੈ।ਗੁਰੂ ਅੰਗਦ ਦੇਵ ਜੀ ਜੁਆਨਾਂ ਦੀਆਂ ਕੁਸ਼ਤੀਆਂ ਕਰਾਉਂਦੇ ਸਨ।ਇਸ ਪਿੱਛੇ ਗੁਰੂ ਜੀ ਦੀ ਸੋਚ ਇਹ ਸੀ ਕਿ ਨੌਜਵਾਨ ਮੁਗਲ ਜ਼ਾਲਮਾਂ ਨਾਲ ਟੱਕਰ ਲੈਣ ਵਾਸਤੇ ਤਿਆਰ ਹੋਣ।ਮਾੜੀਮੇਘਾ ਨੇ ਕਿਹਾ ਕਿ ਬਿਆਸ ਨਦੀ ਦੇ ਪਾਣੀ ਨੇ ਕਿਸਾਨਾਂ ਦੀਆਂ ਫਸਲਾਂ ਦਾ ਬਹੁਤ ਨੁਕਸਾਨ ਕੀਤਾ ਹੈ ਪਰ ਸਰਕਾਰੀ ਅਧਿਕਾਰੀ ਕੁੰਭਕਰਨ

ਦੀ ਨੀਂਦ ਸੁੱਤੇ ਹਨ।ਤਰਨਤਾਰਨ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੇ ਕੱਲ੍ਹ ਹੜਾਂ ਨਾਲ ਹੋਏ ਨੁਕਸਾਨ ਦੇ ਇਲਾਕੇ ਦਾ ਦੌਰਾ ਕੀਤਾ ਹੈ।ਪਤਾ ਨਹੀਂ ਹਾਲੇ ਵੀ ਅਧਿਕਾਰੀਆਂ ਨੂੰ ਫਸਲਾਂ ਦੇ ਹੋਏ ਨੁਕਸਾਨ ਦੀ ਪੂਰਤੀ ਲਈ ਗਿਰਦਾਵਰੀ ਕਰਨ ਦੇ ਹੁਕਮ ਕੀਤੇ ਹਨ ਕਿ ਨਹੀਂ।ਫਸਲਾਂ ਦੇ ਹੋਏ ਨੁਕਸਾਨ ਦਾ 100000 ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ।ਮੀਟਿੰਗ ਨੂੰ ਸੀਪੀਆਈ ਦੇ ਜ਼ਿਲਾ ਸਕੱਤਰ ਦਵਿੰਦਰ ਸੋਹਲ, ਮੀਤ ਸਕੱਤਰ ਗੁਰਦਿਆਲ ਸਿੰਘ ਖਡੂਰ ਸਾਹਿਬ ਅਤੇ ਬਲਕਾਰ ਸਿੰਘ ਵਲਟੋਹਾ ਨੇ ਸੰਬੋਧਨ ਦੌਰਾਨ ਕਿਹਾ ਕਿ ਬੀਜੇਪੀ ਦੀ ਅਗਵਾਈ ਵਾਲੀ ਸਰਕਾਰ ਫਾਸ਼ੀਵਾਦ ਵਾਲੇ ਰਾਹ 'ਤੇ ਲਗਾਤਾਰ ਵੱਧਦੀ ਜਾ ਰਹੀ ਹੈ।ਉੱਘੇ ਪੱਤਰਕਾਰ, ਕਾਲਮਨਵੀਸ, ਚੈਨਲਾਂ ਦੇ ਅਨਾਊਂਸਰ ਜੇਲਾਂ ਵਿੱਚ ਡੱਕੇ ਹੋਏ ਹਨ।

ਆਦਿਵਾਸੀਆਂ ਦੇ ਪਿੰਡਾਂ ਦੇ ਪਿੰਡ ਉਜਾੜ ਦਿੱਤੇ ਗਏ ਹਨ।ਜੰਗਲ ਕਾਰਪੋਰੇਟਰਾਂ ਨੂੰ ਲਗਾਤਾਰ ਵੇਚੇ ਜਾ ਰਹੇ ਹਨ।ਆਗੂਆਂ ਨੇ ਕਿਹਾ ਕਿ ਕੇਂਦਰੀ ਹਕੂਮਤ ਅਧੀਨ ਮਹਿੰਗਾਈ, ਬੇਰੁਜ਼ਗਾਰੀ ਲਗਾਤਾਰ ਛਾਲਾਂ ਮਾਰ ਮਾਰ ਵੱਧਦੀ ਜਾ ਰਹੀ ਹੈ।ਸਰਕਾਰ ਇਨ੍ਹਾਂ ਸਮੱਸਿਆਵਾਂ ਦਾ ਹੱਲ ਨਹੀਂ ਕੱਢ ਰਹੀ।ਉਕਤ ਮਸਲਿਆਂ 'ਤੇ ਗੁਰੂ ਅੰਗਦ ਦੇਵ ਜੀ ਦੇ ਗੁਰਪੁਰਬ 'ਤੇ ਹੋ ਰਹੀ ਕਾਨਫਰੰਸ ਵਿੱਚ ਖੁੱਲ੍ਹ ਕੇ ਵਿਚਾਰਾਂ ਹੋਣਗੀਆਂ।ਮੀਟਿੰਗ ਨੂੰ ਕਿਸਾਨ ਆਗੂ ਬਲਦੇਵ ਸਿੰਘ ਧੂੰਦਾ, ਬਲਜੀਤ ਸਿੰਘ ਫਤਿਹਾਬਾਦ, ਮੇਜਰ ਸਿੰਘ ਦਾਰਾਪੁਰ ਤੇ ਜਗਤਾਰ ਸਿੰਘ ਜੱਗਾ ਨੇ ਵੀ ਸੰਬੋਧਨ ਕੀਤਾ।

ਕਿਸਾਨ ਜਥੇਬੰਦੀਆਂ ਨੇ ਥਾਂ-ਥਾਂ ਸਾੜੇ ਟਰੰਪ ਤੇ ਮੋਦੀ ਸਰਕਾਰ ਦੇ ਪੁਤਲੇ

ਖਡੂਰ ਸਹਿਬ (ਸਰਬਜੋਤ ਸਿੰਘ ਸੰਧਾ)-ਸਾਮਰਾਜੀ ਮੁਲਕਾਂ ਨਾਲ ਕੀਤੇ ਜਾ ਰਹੇ ਮੁਕਤ ਵਪਾਰ ਸਮਝੌਤਿਆਂ ਦੇ ਵਿਰੋਧ ਵਿੱਚ ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ ਕਿਸਾਨ ਜਥਬੰਦੀਆਂ ਨੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੁਤਲੇ ਫੂਕੇ। ਇਸ ਦੀ ਅਗਵਾਈ ਜਮਹੂਰੀ ਕਿਸਾਨ ਸਭਾ ਪੰਜਾਬ ਦੇ ਆਗੂ ਝਿਲਮਲ ਸਿੰਘ ਬਾਣੀਆ, ਸੁਲੱਖਣ ਸਿੰਘ ਮੰਡਾਲਾ, ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ), ਮਹਿੰਦਰ ਸਿੰਘ ਵੇਈਂਪੂਈਂ ਆਜ਼ਾਦ ਸੰਘਰਸ਼ ਕਮੇਟੀ ਪੰਜਾਬ, ਬੇਅੰਤ ਸਿੰਘ ਜਲਾਲਾਬਾਦ ਬੀਕੇਯੂ ਰਾਜੇਵਾਲ, ਬਲਕਾਰ ਸਿੰਘ ਵਲਟੋਹਾ ਕੁੱਲ ਹਿੰਦ ਕਿਸਾਨ ਸਭਾ, ਕਲੁਵਿੰਦਰ ਕੌਰ ਔਰਤ ਮੁਕਤੀ ਮੋਰਚਾ, ਜੋਗਿੰਦਰ ਸਿੰਘ ਖਡੂਰ ਸਾਹਿਬ ਦਿਹਾਤੀ ਮਜ਼ਦੂਰ ਸਭਾ ਆਗੂਆਂ ਨੇ ਕੀਤੀ।

ਇਸ ਮੌਕੇ ਬੋਲਦਿਆਂ ਮੁਖਤਾਰ ਸਿੰਘ ਮੱਲਾ, ਹਰਜਿੰਦਰ ਸਿੰਘ ਟਾਂਡਾ, ਬਲਕਾਰ ਸਿੰਘ ਵਲਟੋਹਾ ਨੇ ਕਿਹਾ ਕੇ ਇਹ ਸਮਝੌਤੇ ਲਾਗੂ ਹੋਣ ਨਾਲ ਕਿਸਾਨੀ ਕਿੱਤਾ, ਦੁਕਾਨਦਾਰੀਆਂ, ਛੋਟੇ ਕਰੋਬਾਰ ਤਬਾਹ ਹੋ ਜਾਣਗੇ। ਭਾਰਤ ਦੀ ਅੰਨ ਸੁਰੱਖਿਆ ਖਤਰੇ ਵਿੱਚ ਪੈ ਜਾਵੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅੰਗਰੇਜ ਸਿੰਘ ਝੰਡੇਰ, ਬਲਦੇਵ ਸਿੰਘ ਧੂੰਦਾ, ਸੁਰਿੰਦਰ ਸਿੰਘ ਜਲਾਲਾਬਾਦ, ਚਰਨ ਕੌਰ ਮੁਗਲਾਣੀ, ਦਰਸ਼ਨ ਸਿੰਘ ਬਿਹਾਰੀਪੁਰ, ਲੱਖਾ ਸਿੰਘ ਬਾਣੀਆ, ਮੇਜਰ ਸਿੰਘ ਨਾਗੋਕੇ, ਕੁਲਵਿੰਦਰ ਸਿੰਘ ਅਹਿਮਦਪੁਰ ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ।

ਲੈਂਡ ਪੂਲਿੰਗ ਰਾਹੀਂ ਸਰਕਾਰ ਕਿਸਾਨਾਂ ਦੀਆਂ ਜ਼ਮੀਨਾਂ ਹੜੱਪਣਾ ਚਾਹੁੰਦੀ ਸੀ: ਵਿਨੈ ਚੌਧਰੀ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਲੈਂਡ ਪੂਲਿੰਗ ਮਾਮਲੇ 'ਚ ਆਮ ਆਦਮੀ ਪਾਰਟੀ ਪੰਜਾਬ ਨੂੰ ਬਰਬਾਦ ਕਰਨਾ ਚਾਹੁੰਦੇ ਸੀ ਅਤੇ ਉਸ ਦੇ ਨਾਲ ਹੀ ਕਿਸਾਨਾਂ ਨੂੰ ਵੀ ਖਤਮ ਕਰਨਾ ਚਾਹੁੰਦੇ ਸੀ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੀਨਾਨਗਰ ਤੋਂ ਭਾਜਪਾ ਦੇ ਸੀਨੀਅਰ ਨੇਤਾ ਵਿਨੈ ਚੌਧਰੀ ਨੇ ਕੀਤਾ। ਉਨ੍ਹਾਂ ਕਿਹਾ ਕਿ ਲੈਂਡ ਪੂਲਿੰਗ ਪਾਲਿਸੀ ਨੂੰ ਰੱਦ ਕਰਵਾਉਣ ਲਈ ਪੂਰੇ ਪੰਜਾਬ ਦੇ ਭਾਜਪਾ ਵਰਕਰਾਂ ਵੱਲੋਂ ਆਪ ਸਰਕਾਰ ਦਾ ਵਿਰੋਧ ਕੀਤਾ ਗਿਆ ਸੀ।ਵਿਨੈ ਚੌਧਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੈਂਡ ਪੂਲਿੰਗ ਨੀਤੀ ਰਾਹੀਂ ਪੰਜਾਬ ਦੇ ਕਿਸਾਨਾਂ ਦੀਆਂ ਜ਼ਮੀਨਾਂ ਹੜੱਪਣਾ ਚਾਹੁੰਦੀ ਸੀ।ਦੂਜੇ ਪਾਸੇ ਮਜ਼ਦੂਰਾਂ ਨੂੰ ਤਬਾਹ ਕਰਨ ਦੀ ਪੂਰੀ ਤਿਆਰੀ ਕੀਤੀ ਗਈ ਸੀ ਪਰ ਕਿਸਾਨਾਂ ਨੇ ਬਰਦਾਸ਼ਤ ਨਹੀਂ ਕੀਤਾ ।ਵਿਨੈ ਚੌਧਰੀ ਨੇ ਕਿਹਾ ਕਿ ਜੇਕਰ ਆਪ ਸਰਕਾਰ ਵੱਲੋਂ ਭਵਿੱਖ ਵਿੱਚ ਅਜਿਹੀਆਂ ਸਕੀਮਾਂ ਨੂੰ ਲਾਗੂ ਕੀਤਾ ਗਿਆ ਤਾਂ ਭਾਜਪਾ ਪੰਜਾਬ ਦੇ ਕਿਸਾਨਾਂ ਅਤੇ ਮਜ਼ਦੂਰਾਂ ਦੇ ਨਾਲ ਮੋਢੇ ਨਾਲ ਮੋਢਾ ਲਗਾ ਕੇ ਖੜ੍ਹੀ ਹੋਵੇਗੀ ਅਤੇ ਅਜਿਹੀਆਂ ਸਕੀਮਾਂ ਦਾ ਡਟ ਕੇ ਵਿਰੋਧ ਕੀਤਾ ਜਾਵੇਗਾ।

ਸਾਢੇ ਬਾਰਾਂ ਲੱਖ ਦੀ ਠੱਗੀ ਮਾਰਨ ਵਾਲਿਆਂ ਖ਼ਿਲਾਫ਼ ਮਾਮਲਾ ਦਰਜ

ਗੁਰਦਾਸਪੁਰ (ਜਨਕ ਮਹਾਜਨ)- ਥਾਣਾ ਤਿੱਬੜ ਪੁਲਸ ਨੇ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਠੱਗੀ ਮਾਰਨ ਵਾਲੇ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਜ਼ੋਰਾਵਰ ਸਿੰਘ ਪੁੱਤਰ ਸਿਕੰਦਰ ਸਿੰਘ ਵਾਸੀ ਭੁੰਬਲੀ ਨੇ ਦੱਸਿਆ ਕਿ ਤਜਿੰਦਰ ਸਿੰਘ, ਲਵਪ੍ਰੀਤ ਸਿੰਘ ਪੁੱਤਰ ਮਨਜੀਤ ਸਿੰਘ, ਤਾਨੀਆ ਪਤਨੀ ਤਜਿੰਦਰ ਸਿੰਘ ਵਾਸੀ ਅੰਮ੍ਰਿਤਸਰ ਨੇ ਇਕ ਸਲਾਹ ਹੋ ਕੇ ਜੋਰਾਵਰ ਸਿੰਘ ਪੁੱਤਰ ਸਿਕੰਦਰ ਸਿੰਘ ਵਾਸੀ ਭੁੰਬਲੀ ਨੂੰ ਵਿਦੇਸ਼ ਕੈਨੇਡਾ ਭੇਜਣ ਦਾ ਝਾਂਸਾ ਦੇ ਕੇ ਉਸ ਨਾਲ 12,50,000 ਰੁਪਏ ਦੀ ਠੱਗੀ ਮਾਰੀ ਹੈ। ਇਨਕੁਆਰੀ ਉਪ ਕਪਤਾਨ ਪੁਲਸ ਡਿਟੈਕਟਿਵ ਗੁਰਦਾਸਪੁਰ ਨੇ ਜਾਂਚ ਪੜਤਾਲ ਵਿਚ ਵਿਦੇਸ਼ ਭੇਜਣ ਦੇ ਨਾਂਅ 'ਤੇ ਠੱਗੀ ਮਾਰਨ ਵਾਲੇ ਉਕਤ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

ਕਿਸਾਨ ਆਗੂਆਂ ਵੱਲੋਂ ਬਿਜਲੀ ਕਾਮਿਆਂ ਦੇ ਸੰਘਰਸ਼ ਦੀ ਪੁਰਜ਼ੋਰ ਹਮਾਇਤ

ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਸੰਯੁਕਤ ਕਿਸਾਨ ਮੋਰਚਾ ਭਾਰਤ ਦੇ ਸੱਦੇ ਤੇ ਸਾਰੇ ਦੇਸ਼ ਵਿੱਚ ਥਾਂ ਥਾਂ ਕਿਸਾਨਾਂ ਨੇ ਅਮਰੀਕੀ ਰਾਸ਼ਟਰਪਤੀ ਟਰੰਪ ਅਤੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੁਤਲੇ ਫੂਕੇ। ਸੰਯੁਕਤ ਕਿਸਾਨ ਮੋਰਚਾ ਵੱਲੋਂ ਸਥਾਨਕ ਚੌਕ ਵਿੱਚ ਟਰੰਪ ਤੇ ਮੋਦੀ ਦੇ ਪੁਤਲੇ ਫੂਕੇ ਗਏ।

ਇਸ ਮੌਕੇ ਆਗੂਆਂ ਕਿਹਾ ਕਿ ਟਰੰਪ ਭਾਰਤ ਸਮੇਤ ਦੁਨੀਆ ਦੇ ਹੋਰ ਵਿਕਾਸਸ਼ੀਲ ਦੇਸ਼ਾਂ ਤੇ ਆਪਣੀ ਸਰਮਾਏਦਾਰੀ ਧੌਂਸ ਰਾਹੀਂ ਕਿਸਾਨ ਮਜ਼ਦੂਰ ਮਾਰੂ ਨੀਤੀਆਂ ਲਾਗੂ ਕਰਨਾ ਚਾਹੁੰਦਾ ਹੈ ਤੇ ਭਾਰਤ ਦਾ ਪ੍ਰਧਾਨ ਮੰਤਰੀ ਉਸਤੋਂ ਡਰਦਾ ਰਹਿੰਦਾ ਹੈ। ਇਨ੍ਹਾਂ ਦੋਹਾਂ ਦੇ ਪੁਤਲੇ ਫੂਕਦਿਆਂ ਕਿਸਾਨ ਆਗੂਆਂ ਕੁਲਬੀਰ ਸਿੰਘ ਕਸੇਲ, ਮੇਜਰ ਸਿੰਘ ਮੰਨਣ, ਰਤਨ ਸਿੰਘ ਢੰਡ, ਰਣਜੀਤ ਸਿੰਘ, ਮੋਤਾ ਸਿੰਘ ਸੋਹਲ, ਗੁਰਬਿੰਦਰ ਸਿੰਘ ਸੋਹਲ, ਧਿਆਨ ਸਿੰਘ, ਚੈਨ ਸਿੰਘ, ਅਵਤਾਰ ਸਿੰਘ ਨੇ ਕਿਹਾ ਕਿ ਟਰੰਪ ਤੇ ਮੋਦੀ ਹਰ ਕੰਮ ਕਾਰਪੋਰੇਟ ਘਰਾਣਿਆਂ ਦੇ ਹਿੱਤਾਂ ਲਈ ਕਰਦੇ ਹਨ। ਟਰੰਪ ਦੀ ਨੀਤੀ ਲਾਗੂ ਹੋਣ ਨਾਲ ਭਾਰਤ ਦੇ ਕਿਸਾਨ ਤੇ ਮਜ਼ਦੂਰ ਤਬਾਹ ਹੋ ਜਾਣਗੇ ਕਿਉਂਕਿ ਭਾਰਤੀ ਖੇਤੀ ਕਾਰੋਬਾਰ ਸੰਕਟ ਵਿੱਚ ਆ ਜਾਵੇਗਾ।

ਇਸ ਮੌਕੇ ਕਿਸਾਨ ਆਗੂਆਂ ਬਿਜਲੀ ਕਾਮਿਆਂ ਦੇ ਸੰਘਰਸ਼ ਦੀ ਹਮਾਇਤ ਕਰਦਿਆਂ ਕਿਹਾ ਕਿ ਪ

14-Aug-PAGE-12.qxd 8/13/2025 10:43 PM Page 1

ਗੁਰੂ ਗੋਬਿੰਦ ਸਿੰਘ 'ਵਰਸਿਟੀ ਕਾਲਜ ਜੰਡਿਆਲਾ ਮੰਜਕੀ ਵਿਖੇ ਅੰਗਦਾਨ ਮਹਾਂਦਾਨ 'ਤੇ ਲੈਕਚਰ ਕਰਵਾਇਆ

ਗੁਰਾਇਆ (ਬਿੰਦਰ ਸੁਮਨ)

ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਉਪ- ਕੁਲਪਤੀ ਪ੍ਰੋਫੈਸਰ (ਡਾ.) ਕਰਮਜੀਤ ਸਿੰਘ ਦੀ ਰਹਿਨੁਮਾਈ ਤੇ ਪ੍ਰਿੰਸੀਪਲ (ਡਾ.) ਜਗਸੀਰ ਸਿੰਘ ਬਰਾੜ ਦੀ ਦੀ ਯੋਗ ਅਗਵਾਈ ਹੇਠ ਕਾਲਜ ਵਿਖੇ ਪੰਜਾਬ ਸਰਕਾਰ ਦੇ ਮੈਡੀਕਲ ਸਿੱਖਿਆ- ਖੋਜ ਵਿਭਾਗ ਅਤੇ ਖੇਡਾਂ ਤੇ ਯੁਵਕ ਸੇਵਾਵਾਂ ਵਿਭਾਗ ਦੇ ਸਾਂਝੇ ਉਪਰਾਲੇ ਤਹਿਤ ਐੱਨ ਐੱਸ ਐੱਸ ਵਿਭਾਗ ਦੇ ਸਹਿਯੋਗ ਨਾਲ ਅੰਗਦਾਨ ਮਹਾਂ ਦਾਨ ਤੇ ਜਾਗਰੂਕ ਲੈਕਚਰ ਕਰਵਾਇਆ ਗਿਆ। ਇਸ ਮੌਕੇ ਮੁੱਖ ਵਕਤਾ ਡਾ. ਅਮੀਤਾ ਭਾਰਤੀ (ਆਯੁਰਵੈਦਿਕ ਮੈਡੀਕਲ ਆਫਸਰ) ਸਿਵਲ ਹਸਪਤਾਲ ਜੰਡਿਆਲਾ ਵੱਲੋਂ ਮਹੱਤਵਪੂਰਨ ਜਾਣਕਾਰੀ ਭਰਪੂਰ ਲੈਕਚਰ ਕੀਤਾ ਗਿਆ ਅਤੇ ਅੰਗਦਾਨ ਦੀ ਅਹਿਮੀਅਤ ਨੂੰ ਦੱਸਿਆ। ਉਹਨਾਂ ਨੇ ਕਿਹਾ ਕਿ ਕਈ ਵਾਰ ਕਿਸੇ ਦੁਰਘਟਨਾ ਕਰਕੇ ਦਿਮਾਗ ਦੇ ਫੇਲ੍ਹ ਹੋਣ 'ਤੇ ਬਾਕੀ ਸਰੀਰ ਦੇ ਜਿਉਂਦੇ ਹੋਣ ਦੀ ਸੂਰਤ ਵਿੱਚ ਇਨਸਾਨ ਦਾ ਜਿਗਰ ਪਿੱਤਾ, ਗੁਰਦੇ, ਫੇਫੜੇ, ਦਿਲ ਅਤੇ ਅੱਖਾਂ ਦਾਨ ਕਰਨ ਬਾਰੇ ਸੋਚਿਆ ਜਾ ਸਕਦਾ ਹੈ।ਉਨ੍ਹਾਂ ਦੱਸਿਆ ਕਿ ਪੂਰੇ ਸੰਸਾਰ ਵਿੱਚ ਇੱਕ ਮਿਲੀਅਨ ਆਬਾਦੀ ਪਿੱਛੇ ਓਸਤਨ ਅੰਗ ਦਾਨ ਰੇਟ ਨੂੰ ਅੰਕੜਿਆਂ ਵਿੱਚ ਪੇਸ਼ ਕੀਤਾ ਇਹ ਵੀ ਸਪੱਸ਼ਟ ਕੀਤਾ ਕਿ ਤੰਦਰੁਸਤੀ ਦੀ ਹਾਲਤ ਦੌਰਾਨ ਸੰਬੰਧਿਤ ਵਿਅਕਤੀ ਦੀ ਅੰਗਦਾਨ ਕਰਨ ਲਈ ਸਵੈ-ਇੱਛਾ ਹੋਣ ਦੇ ਬਾਵਜੂਦ ਵੀ ਜੇਕਰ ਬਾਅਦ ਵਿੱਚ ਪਰਵਾਰ ਦੀ ਅਜਿਹਾ ਕਰਨ ਵਾਸਤੇ ਸਹਿਮਤੀ ਨਹੀਂ ਬਣਦੀ ਤਾਂ ਅੰਗਦਾਨ ਨਹੀਂ ਕੀਤੇ ਜਾ ਸਕਦੇ ਸੋ ਪਰਵਾਰ ਦੀਆਂ ਭਾਵਨਾਵਾਂ ਦੀ ਕਦਰ ਕਰਨੀ ਚਾਹੀਦੀ ਹੈ ਅਤੇ ਉਕਤ ਅੰਕੜਿਆਂ ਨੂੰ ਦੇਖਦਿਆਂ ਭਾਰਤੀਆਂ ਲੋਕਾਂ ਨੂੰ ਹੋਰ ਜਾਣਕਾਰੀ ਦੇਣ ਦੀ ਅਤਿ ਜ਼ਰੂਰਤ ਹੈ ਕਿਉਂਕਿ ਅੰਗਦਾਨ ਕਰਨਾ ਸਭ ਤੋਂ ਉੱਤਮ ਅਤੇ ਸਲਾਹਣਯੋਗ ਕੰਮ ਹੈ ਇਸ ਦੀ ਜਾਗਰੂਕਤਾ ਲਹਿਰ ਬਣਾਉਣ ਦੀ ਲੋੜ ਹੈ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਨੇ ਆਏ ਹੋਏ ਵਿਸ਼ੇਸ਼ ਮਹਿਮਾਨ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਅੰਗਦਾਨ ਨਾਲ ਜਿੱਥੇ ਅੰਗਦਾਨੀ ਵੱਲੋਂ ਕਈ ਲੋਕਾਂ ਦੀ ਜਾਨ ਬਚਾਈ ਜਾ ਸਕਦੀ ਹੈ ਉੱਥੇ ਵਿਗਿਆਨਿਕ ਖੋਜਾਂ ਲਈ ਵੀ ਇਹ ਬਹੁਤ ਜ਼ਰੂਰੀ ਹੈ। ਕਾਲਜ ਦੇ ਵਿਦਿਆਰਥੀਆਂ ਨੂੰ ਅੰਗ ਦਾਨ ਮਹਾਂਦਾਨ ਤੇ ਸਹੁੰ ਚੁਕਾਈ ਗਈ।ਇਸ ਮੌਕੇ ਕਾਲਜ ਦੇ ਸਟਾਫ਼ ਮੈਂਬਰ ਅਤੇ ਵਿਦਿਆਰਥੀ ਹਾਜ਼ਰ ਸਨ।

ਚੰਗੀਆਂ ਕਿਤਾਬਾਂ ਚੰਗੇ ਮਨੁੱਖ ਬਣਾਉਣ ਦੀ ਭੂਮਿਕਾ ਅਦਾ ਕਰਦੀਆਂ : ਇੰਜੀ. ਮੋਰੋਂ

ਬੰਗਾ (ਅਵਤਾਰ ਕਲੇਰ)

ਬੰਗਾ ਹਲਕੇ ਦੇ ਪਿੰਡ ਤਲਵੰਡੀ ਫੱਤੂ ਵਿਖੇ ਗ੍ਰਾਮ ਪੰਚਾਇਤ ਅਤੇ ਸਮੂਹ ਨਗਰ ਨਿਵਾਸੀਆਂ ਦੇ

ਸਹਿਯੋਗ ਨਾਲ ਤੀਆਂ ਦੇ ਮੇਲੇ ਦਾ ਆਯੋਜਨ ਕੀਤਾ ਗਿਆ। ਪਿੰਡ ਦੀਆਂ ਮੁਟਿਆਰਾਂ ਅਤੇ ਬੱਚੀਆਂ ਵਲੋਂ ਗਿੱਧਾ, ਭੰਗੜਾ, ਗੀਤਾਂ ਤੋਂ ਇਲਾਵਾ ਕਈ ਹੋਰ ਵੰਨਗੀਆਂ ਪੇਸ਼ ਕੀਤੀਆਂ ਗਈਆਂ।ਸਮਾਗਮ ਵਿੱਚ ਮੁੱਖ ਮਹਿਮਾਨ ਡਾ. ਸੁਖਵਿੰਦਰ ਕੁਮਾਰ ਸੁੱਖੀ ਵਿਧਾਇਕ ਬੰਗਾ, ਸੋਹਣ ਲਾਲ ਢੰਡਾ, ਮਹਿੰਦਰ ਸਿੰਘ ਨੂੰ ਯਾਦਗਾਰੀ ਚਿੰਨ੍ਹ ਅਤੇ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਵੱਖ-ਵੱਖ ਪੇਸ਼ਕਾਰੀਆਂ ਕਰਨ ਵਾਲੀਆਂ ਮੁਟਿਆਰਾਂ ਅਤੇ ਛੋਟੀਆਂ ਬੱਚੀਆਂ ਨੂੰ ਵਿਵੇਕ ਵਿਕਾਸ ਲਹਿਰ ਪੰਜਾਬ, ਮੁੱਖ ਦਫ਼ਤਰ ਬੰਗਾ, ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਲੋਂ ਸਾਹਿਤਕ, ਗਿਆਨ, ਵਿਗਿਆਨ ਨਾਲ ਸੰਬੰਧਿਤ ਕਿਤਾਬਾਂ ਦੇ ਕੇ ਸਨਮਾਨਿਤ ਕੀਤਾ ਗਿਆ।ਸਮਾਗਮ ਸੰਬੰਧੀ ਜਾਣਕਾਰੀ ਸਾਂਝੀ ਕਰਦਿਆਂ ਇੰਜੀ ਜਸਵੀਰ ਸਿੰਘ ਮੋਰੋਂ ਨੇ ਕਿਹਾ ਕਿ ਚੰਗੀਆਂ ਕਿਤਾਬਾਂ, ਚੰਗੇ ਮਨੁੱਖ ਬਣਾਉਣ ਦੀ ਭੂਮਿਕਾ ਅਦਾ ਕਰਦੀਆਂ ਹਨ। ਚੰਗੇ ਵਿਅਕਤੀ, ਚੰਗਾ ਸਮਾਜ ਸਿਰਜਣ ਵਿੱਚ ਆਪਣਾ ਅਹਿਮ ਯੋਗਦਾਨ ਪਾਉਂਦੇ ਹਨ। ਕਿਤਾਬਾਂ ਦੀ ਅਹਿਮੀਅਤ ਡਿਜਿਟਲ ਯੁੱਗ ਵਿੱਚ ਵੀ ਬਰਕਰਾਰ ਹੈ ਤੇ ਰਹੇਗੀ। ਇਸ ਮੌਕੇ ਨਿਰਮਲ ਸਿੰਘ, ਜੌਹਨ, ਮੇਜਰ ਰਾਮ, ਸੁਨੀਤਾ ਰਾਣੀ, ਅਮਰਦੀਪ ਕੌਰ, ਰਣਜੀਤ ਕੌਰ, ਕਮਲਜੀਤ ਕੌਰ (ਸਾਰੇ ਪੰਚ) ਨੰਬਰਦਾਰ ਦਲਵੀਰ ਚੰਦ, ਅਲਕਾ, ਸੋਨੀਆ, ਮਨਜੀਤ ਕੌਰ, ਨੰਜੋ, ਦਲਜੀਤ ਸਿੰਘ, ਰੇਸ਼ਮ ਕੌਰ, ਬਲਵੀਰ ਕੌਰ ਆਦਿ ਹਾਜ਼ਰ ਸਨ। ਪਿੰਡ ਦੇ ਸਰਪੰਚ ਹਰਮਿੰਦਰ ਸਿੰਘ ਨੇ ਵਿਵੇਕ ਵਿਕਾਸ ਲਹਿਰ ਬੰਗਾ ਵੱਲੋਂ ਸ਼ੁਰੂ ਕੀਤੀ ਗਈ ਮੁਫਤ ਕਿਤਾਬਾਂ ਵੰਡਣ ਦੀ ਇਸ ਨਵੀਂ ਪਿਰਤ ਦੀ ਸ਼ਲਾਘਾ ਕੀਤੀ ਅਤੇ ਆਏ ਹੋਏ ਮਹਿਮਾਨਾਂ ਅਤੇ ਹਾਜ਼ਰ ਨਗਰ ਨਿਵਾਸੀਆਂ ਦਾ ਧੰਨਵਾਦ ਕੀਤਾ।

ਹੈਰੋਇਨ ਸਮੇਤ ਦੋ ਔਰਤਾਂ ਕਾਬੂ

ਬੰਗਾ (ਅਵਤਾਰ ਕਲੇਰ)-ਥਾਣਾ ਬੰਗਾ ਦੀ ਪੁਲਸ ਵਲੋਂ ਮੁਹੱਲਾ ਮੁਕਤਪੁਰੇ ਦੀਆਂ ਦੋ ਔਰਤਾਂ ਨੂੰ ਸਾਢੇ ਚਾਰ ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਥਾਣਾ ਮੁਖੀ ਚੌਧਰੀ ਵਰਿੰਦਰ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੰਗਾ ਤੋਂ ਪਿੰਡ ਲਧਾਣਾ ਝਿੱਕਾ ਨੂੰ ਜਾਂਦਿਆਂ ਰਸਤੇ 'ਚ ਝਿੱਕਾ ਪੁਲੀ ਕੋਲ ਗਸ਼ਤ ਕਰ ਰਹੀ ਪੁਲਸ ਨੂੰ ਦੋ ਔਰਤਾਂ ਸ਼ੱਕੀ ਹਾਲਤ 'ਚ ਦਿਖਾਈ ਦਿਤੀਆਂ। ਸ਼ੱਕ ਦੇ ਆਧਾਰ ਤੇ ਉਹਨਾਂ ਪਾਸੋਂ ਪੁੱਛ-ਗਿੱਛ ਕੀਤੀ ਗਈ ਤੇ ਤਲਾਸ਼ੀ ਦੌਰਾਨ ਉਨ੍ਹਾਂ ਕੋਲੋਂ ਸਾਢੇ ਚਾਰ ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ। ਕਥਿਤ ਦੋਸ਼ੀ ਔਰਤਾਂ ਦੀ ਪਛਾਣ ਬਲਜਿੰਦਰ ਕੌਰ ਪਤਨੀ ਜੋਗਿੰਦਰ ਕੁਮਾਰ ਉਰਫ਼ ਨੋਨੀ ਵਾਸੀ ਮੁਕਤਪੁਰਾ ਮੁਹੱਲਾ ਤੇ ਗੀਤਾ ਉਰਫ਼ ਕੁਲਦੀਪ ਕੁਮਾਰੀ ਵਾਸੀ ਮੁਕਤਪੁਰਾ ਬੰਗਾ ਵਜੋਂ ਹੋਈ। ਪੁਲਸ ਨੇ ਮਾਮਲਾ ਦਰਜ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਫੂਕਿਆ ਪੁਤਲਾ

ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)-ਪੰਜਾਬ ਮੁਲਾਜਮ ਅਤੇ ਪੈਨਸ਼ਨਰਜ ਸਾਂਝਾ ਫਰੰਟ ਵੱਲੋਂ ਦਿੱਤੇ ਪ੍ਰੋਗਰਾਮ ਅਨੁਸਾਰ ਤਹਿਸੀਲ ਆਨੰਦਪੁਰ ਸਾਹਿਬ ਦੀਆਂ ਸਾਂਝਾਂ ਫਰੰਟ 'ਚ ਸ਼ਾਮਲ ਮੁਲਾਜ਼ਮਾਂ ਅਤੇ ਪੈਨਸ਼ਨਰਜ ਜਥੇਬੰਦੀਆਂ ਨੇ ਆਨੰਦਪੁਰ ਸਾਹਿਬ ਬੱਸ ਅੱਡੇ ਵਿੱਚ ਇਕੱਤਰ ਹੋ ਕੇ ਪੰਜਾਬ ਸਰਕਾਰ ਦੇ ਟਾਲ ਮਟੋਲ ਵਾਲੇ ਵਤੀਰੇ ਖਿਲਾਫ਼ ਰੋਸ ਰੈਲੀ ਕੀਤੀ ਜਿਸ ਤੋਂ ਬਾਅਦ ਬਕਾਇਦਾ ਮਾਰਚ ਕਰਦੇ ਹੋਏ ਤਹਿਸੀਲ ਕੰਪਲੈਕਸ ਦੇ ਸਾਹਮਣੇ ਜਾ ਕੇ ਪੰਜਾਬ ਦੇ ਮੁੱਖ ਮੰਤਰੀ ਅਤੇ ਖਜ਼ਾਨਾ ਮੰਤਰੀ ਦੇ ਪੁਤਲੇ ਫੂਕੇ ਗਏ।ਇਸ ਪਰੋਗਰਾਮ ਵਿੱਚ ਮਿਡ ਡੇ ਮੀਲ ਦੀਆਂ ਮੁਲਾਜ਼ਮ ਬੀਬੀਆਂ ਵੱਡੀ ਗਿਣਤੀ ਵਿੱਚ ਸ਼ਾਮਲ ਹੋਈਆਂ।ਇਸ ਮੌਕੇ ਕੀਤੀ ਰੋਸ ਰੈਲੀ ਨੂੰ ਦਰਸ਼ਨ ਸਿੰਘ ਬੜਵਾ, ਗੁਰਨਾਮ ਸਿੰਘ ਔਲਖ, ਕਰਮ ਚੰਦ ਘਨਾਰੂ, ਬਾਬਾ ਹਰਵੰਤ ਸਿੰਘ, ਮਾਸਟਰ ਕਿਰਪਾਲ ਸਿੰਘ, ਗੁਰਦੇਵ ਸਿੰਘ ਡੱਬਰੀ, ਹਰਮੇਸ਼ ਕੌਰ, ਮਹਿੰਦਰ ਕੌਰ, ਬੀਰ ਸਿੰਘ , ਜਸਵਿੰਦਰ ਸਿੰਘ ਬੱਡਲ ਆਦਿ ਨੇ ਸੰਬੋਧਨ ਕੀਤਾ।ਇਸ ਮੌਕੇ ਸੁਖਦੇਵ ਸਿੰਘ ਸੈਦਪੁਰ, ਗੁਰਮੇਲ ਸਿੰਘ ਸੈਣੀ, ਸੁਸ਼ੀਲ ਕੁਮਾਰ, ਹਰਮਨਜੀਤ ਸਿੰਘ, ਜਗਤਾਰ ਸਿੰਘ, ਬੀਬੀ ਮਨਜੀਤ ਕੌਰ, ਭਾਗ ਸਿੰਘ ਘੱਟੀਵਾਲ, ਰਣਜੀਤ ਸਿੰਘ ਵਿਰਕ ਆਦਿ ਹਾਜ਼ਰ ਸਨ।

ਪੁਲਸ ਮੁਕਾਬਲੇ 'ਚ ਗੈਂਗਸਟਰ ਜ਼ਖਮੀ

ਬੰਗਾ (ਅਵਤਾਰ ਕਲੇਰ)-ਥਾਣਾ ਬਹਿਰਾਮ ਅਧੀਨ ਆਉਂਦੇ ਪਿੰਡ ਮੁੰਨਾ ਨੇੜੇ ਪੁਲਸ ਮੁਕਾਬਲੇ 'ਚ ਇੱਕ ਗੈਂਗਸਟਰ ਜ਼ਖ਼ਮੀ ਹੋਇਆ ਹੈ। ਮੁਕਾਬਲੇ ਵਾਲੀ ਥਾਂ ਤੇ ਮੌਕੇ 'ਤੇ ਪਹੁੰਚੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਐੱਸ ਐੱਸ ਪੀ ਮਹਿਤਾਬ ਸਿੰਘ ਨੇ ਦੱਸਿਆ ਕਿ 7-8 ਅਗਸਤ ਦੀ ਰਾਤ ਨੂੰ ਨਵਾਂ ਸ਼ਹਿਰ ਨੇੜੇ ਠੇਕੇ ਤੇ ਜੋ ਇੱਕ ਹੈਂਡ ਗਰਨੇਡ ਸੁੱਟਿਆ ਗਿਆ ਸੀ। ਉਸ ਨੂੰ ਕਾਊਂਟਰ ਇੰਟੈਲੀਜੈਂਸ ਅਤੇ ਜ਼ਿਲ੍ਹਾ ਨਵਾਂਸ਼ਹਿਰ ਦੀ ਪੁਲਸ ਦੀਆਂ ਟੀਮਾਂ ਨੇ ਸਾਇੰਟਿਫਿਕ ਤਰੀਕੇ ਨਾਲ ਹੱਲ ਕਰਦੇ ਹੋਏ 5 ਮੁਲਜ਼ਮਾਂ ਨੂੰ ਕਾਬੂ ਕੀਤਾ ਜਿਨ੍ਹਾਂ ਵਿੱਚੋਂ ਸੋਨੂੰ ਵਾਸੀ ਕਾਲਾਸੰਘਿਆ ਜ਼ਿਲ੍ਹਾ ਕਪੂਰਥਲਾ ਨੂੰ ਹਥਿਆਰਾਂ ਦੀ ਰਿਕਵਰੀ ਲਈ ਪਿੰਡ ਮੁੰਨਾ ਵਿਖੇ ਲਿਆਂਦਾ ਗਿਆ। ਉਸ ਨੇ ਗੱਡੀ ਵਿੱਚੋਂ ਨਿਕਲ ਕੇ ਭੱਜਣ ਦੀ ਕੋਸ਼ਿਸ਼ ਕੀਤੀ ਅਤੇ ਰੱਖੀ ਨਿਸ਼ਾਨੀ ਵਾਲੀ ਜਗ੍ਹਾ ਤੋਂ ਅਸਲਾ ਚੁੱਕ ਕੇ ਪੁਲਸ ਤੇ ਫਾਇਰਿੰਗ ਕੀਤੀ ਜੋ ਕਿ ਪੁਲਸ ਦੇ ਵਹੀਕਲ ਤੇ ਲੱਗੀ। ਪੁਲਸ ਵੱਲੋਂ ਜਵਾਬੀ ਕਾਰਵਾਈ 'ਚ ਉਸ ਦੀ ਲੱਤ ਤੇ 2 ਫਾਇਰ ਕੀਤੇ ਗਏ ਜਿਸ ਨਾਲ ਉਹ ਗੰਭੀਰ ਰੂਪ ਵੀ ਜ਼ਖਮੀ ਹੋ ਗਿਆ।ਉਸ ਨੂੰ ਨਵਾਂ ਸ਼ਹਿਰ ਦੇ ਸਿਵਲ ਹਸਪਤਾਲ ਵਿੱਚ ਦਾਖਲ ਕਰਾਇਆ ਗਿਆ ਹੈ।

'ਆਪ' ਦੇ ਹਲਕਾ ਇੰਚਾਰਜ ਸੱਜਣ ਸਿੰਘ ਚੀਮਾ ਨੇ ਕੀਤਾ ਮੰਡ ਇਲਾਕੇ ਦਾ ਦੌਰਾ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)-ਆਮ ਆਦਮੀ ਪਾਰਟੀ ਹਲਕਾ ਸੁਲਤਾਨਪੁਰ ਲੋਧੀ ਦੇ ਇੰਚਾਰਜ ਅਤੇ ਚੇਅਰਮੈਨ ਸੱਜਣ ਸਿੰਘ ਚੀਮਾ ਨੇ ਮੰਡ ਖੇਤਰ ਦਾ ਦੌਰਾ ਕੀਤਾ ਤੇ ਰਾਹਤ ਕਾਰਜ ਦੇ ਚੱਲ ਰਹੇ ਪ੍ਰਬੰਧਾਂ ਦਾ ਲਿਆ ਜਾਇਜ਼ਾ ਲੈਂਦਿਆਂ ਉਹਨਾਂ ਕਿਹਾ ਕਿ ਮੈਂ ਕਿਸਾਨ ਵੀਰਾਂ ਨਾਲ ਚਟਾਨ ਵਾਂਗ ਖੜਾ ਹਾਂ।

ਬੀਤੇ ਕੁਝ ਦਿਨਾਂ ਤੋਂ ਲਗਾਤਾਰ ਪੌਂਗ ਡੈਮ ਤੋਂ ਵੱਡੇ ਪੱਧਰ 'ਤੇ ਪਾਣੀ ਛੱਡਣ ਕਾਰਨ ਦਰਿਆ ਬਿਆਸ ਵਿਚ ਵੱਧ ਰਹੇ ਪਾਣੀ ਦੇ ਪੱਧਰ ਤੋਂ ਹੜ੍ਹ ਵਰਗੀ ਸਥਿਤੀ 'ਤੇ ਚਿੰਤਤ ਮੰਡ ਖੇਤਰ ਦੇ ਕਿਸਾਨਾਂ ਦਾ ਵੀ ਮੰਡ ਬਾਊਪੁਰ ਜਦੀਦ ਨੇੜੇ ਪਿੰਡ ਭੈਣੀ ਬਹਾਦਰ ਤੇ ਆਰਜੀ ਬੰਨ ਟੁੱਟਣ ਕਾਰਨ ਪਏ ਕਰੀਬ 100 ਫੁੱਟ ਲੰਮੇ ਪਾੜ ਕਾਰਨ ਸਬਰ ਦਾ ਬੰਨ ਟੁੱਟ ਗਿਆ ਅਤੇ ਪਾਣੀ ਨੇ ਮੰਡ ਖੇਤਰ ਦੇ ਕਰੀਬ 16 ਪਿੰਡਾਂ ਬਾਊਪੁਰ, ਸਾਗਰਾਂ ,ਭੈਣੀ ਬਹਾਦਰ, ਭੈਣੀ ਕਾਦਰ ਬਖਸ਼, ਰਾਮਪੁਰ ਗੋਰੇ , ਮਹੰਮਦਾਬਾਦ, ਮੰਡ ਗੁਜਰਪੁਰ, ਬਾਊਪੁਰ ਕਦੀਮ ਆਦਿ ਕਈ ਪਿੰਡਾਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਤੇ ਝੋਨੇ ਦੀ ਹਜ਼ਾਰਾਂ ਏਕੜ ਫ਼ਸਲ ਡੁੱਬਣ ਦੇ ਨਾਲ ਪਾਣੀ ਨੇ ਪਿੰਡਾਂ 'ਚ ਦਾਖ਼ਲ ਹੋ ਕੇ ਘਰਾਂ ਨੂੰ ਵੀ ਘੇਰ ਲਿਆ।

ਗੁੱਗਾ ਜਾਹਰ ਪੀਰ ਦੀ ਯਾਦ 'ਚ ਮੇਲਾ ਸ਼ਾਨੋ-ਸ਼ੌਕਤ ਨਾਲ ਸਮਾਪਤ

ਬੰਗਾ (ਅਵਤਾਰ ਕਲੇਰ)-ਅਖਾੜਾ ਗੁੱਗਾ ਜਾਹਰ ਪੀਰ ਜੀ, ਠਾਕੁਰ ਦੁਆਰ ਪਿੰਡ ਚੱਕ ਮੰਡੇਰ ਵਿਖੇ ਗੁੱਗਾ ਜਾਹਰ ਪੀਰ ਦੀ ਯਾਦ ਚ ਸਾਲਾਨਾ ਮੇਲਾ ਮੁੱਖ ਸੇਵਾਦਾਰ ਬਾਬਾ ਕਮਲ ਦੀ ਰਹਿਨੁਮਾਈ ਹੇਠ ਸ਼ਰਧਾ ਭਾਵਨਾ ਨਾਲ ਮਨਾਇਆ। ਸਾਈਂ ਉਮਰੇ ਸ਼ਾਹ ਕਾਦਰੀ ਗੱਦੀ ਨਸ਼ੀਨ ਰੌਜਾ ਸ਼ਰੀਫ਼ ਮੰਢਾਲੀ ਸੰਗਤਾਂ ਨੂੰ ਅਸ਼ੀਰਵਾਦ ਦੇਣ ਲਈ ਪਹੁੰਚੇ। ਪੰਜਾਬ ਕੰਟੇਨਰ ਅਤੇ ਵੇਅਰਹਾਊਸਿੰਗ ਕਾਰਪੋਰੇਸ਼ਨ ਦੇ ਚੇਅਰਮੈਨ ਡਾ. ਸੁਖਵਿੰਦਰ ਕੁਮਾਰ ਸੁੱਖੀ ਵਿਧਾਇਕ ਬੰਗਾ ਅਤੇ ਸੋਹਣ ਲਾਲ ਢੰਡਾ ਵਿਸ਼ੇਸ਼ ਤੌਰ ਤੇ ਪਹੁੰਚੇ। ਡਾ ਸੁੱਖੀ ਨੇ ਮੁੱਖ ਸੇਵਾਦਾਰ ਬਾਬਾ ਕਮਲ ਤੇ ਸੰਗਤਾਂ ਨੂੰ ਮੇਲੇ ਦੀਆਂ ਵਧਾਈਆਂ ਦਿੱਤੀਆਂ। ਦਰਬਾਰ ਦੀਆਂ ਧਾਰਮਿਕ ਰਸਮਾਂ ਤੋਂ ਬਾਅਦ ਸਟੇਜ ਸਜਾਈ ਗਈ ਜਿਸ ਵਿੱਚ ਪੰਜਾਬ ਦੇ

ਮਸ਼ਹੂਰ ਕਲਾਕਾਰ ਜੋਤੀ ਨੂਰਾਂ, ਰਣਜੀਤ ਰਾਣਾ, ਰਣਵੀਰ, ਬਨੀਤ ਬਿੰਨੀ, ਅਵੀਜੋਤ ਤੋਂ ਇਲਾਵਾ ਹੋਰ ਵੀ ਕਲਾਕਾਰਾਂ ਨੇ ਹਾਜ਼ਰੀਆਂ ਭਰੀਆਂ। ਮੁੱਖ ਸੇਵਾਦਾਰ ਬਾਬਾ ਕਮਲ ਨੇ ਪਹੁੰਚੇ ਹੋਏ ਮਹਿਮਾਨਾਂ,ਮਹਾਂਪੁਰਸ਼ਾਂ,ਕਲਾਕਾਰਾਂ ਤੇ ਸੇਵਾਦਾਰਾਂ ਨੂੰ ਸਨਮਾਨਿਤ ਕੀਤਾ।

'ਆਪ' ਵਿਚ 10 ਪਰਵਾਰ ਸ਼ਾਮਲ

ਕਾਲਾ ਸੰਘਿਆਂ (ਮਨਜੀਤ ਮਾਨ)-ਪਿੰਡ ਚੱਕ ਦੋਨਾ ਦੇ ਸਾਬਕਾ ਸਰਪੰਚ ਜਸਵਿੰਦਰ ਸਿੰਘ ਦੇ ਘਰ ਰੱਖੀ ਮੀਟਿੰਗ ਵਿੱਚ ਹਲਕਾ ਇੰਚਾਰਜ ਐਡਵੋਕੇਟ ਕਰਮਵੀਰ ਸਿੰਘ ਚੰਦੀ ਅਤੇ ਟਰੇਡ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਕੰਵਰ ਇਕਬਾਲ ਸਿੰਘ ਅਤੇ ਨਰਿੰਦਰ ਸਿੰਘ ਸੰਘਾ ਆਪਣੀ ਟੀਮ ਨਾਲ ਮੀਟਿੰਗ ਵਿੱਚ ਪਹੁੰਚੇ। ਐਡਵੋਕੇਟ ਕਰਮਵੀਰ ਸਿੰਘ ਚੰਦੀ ਨੇ ਦੱਸਿਆ ਕਿ ਭਗਵੰਤ ਸਿੰਘ ਮਾਨ ਨੇ ਲੈਂਡ ਪੂਲਿਗ ਪਾਲਿਸੀ ਨੂੰ ਰੱਦ ਕਰਕੇ ਇਹ ਸਾਬਤ ਕੀਤਾ ਹੈ ਕਿ ਪੰਜਾਬ ਸਰਕਾਰ ਕਿਸਾਨਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਖੜੀ ਹੈ। ਨਰਿੰਦਰ ਸਿੰਘ ਸੰਘਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਵਿੱਚ ਦਸ ਪਰਵਾਰ ਸ਼ਾਮਲ ਹੋਏ ਜਿਸ ਵਿੱਚ ਕੁਲਵੰਤ ਸਿੰਘ, ਮਲਕੀਤ ਸਿੰਘ, ਗੁਰਪ੍ਰੀਤ ਸਿੰਘ, ਧਰਮਵੀਰ ਸਿੰਘ, ਗੁਰਦੀਪ ਸਿੰਘ, ਦੀਪਾ, ਸਵਰਨ ਸਿੰਘ, ਪ੍ਰਦੀਪ ਸਿੰਘ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਏ। ਕੰਵਰ ਇਕਬਾਲ ਸਿੰਘ ਟਰੇਡ ਵਿੰਗ ਜ਼ਿਲ੍ਹਾ ਪ੍ਰਧਾਨ ਨੇ ਨਵੇਂ ਜੁੜੇ ਪਰਿਵਾਰਾਂ ਨੂੰ ਵਧਾਈਆਂ ਦਿੱਤੀਆਂ।

ਐੱਸ ਡੀ ਕਾਲਜ ਫਾਰ ਵੂਮੈਨ 'ਚ ਲੱਗੀਆਂ ਤੀਆਂ ਦੀਆਂ ਰੌਣਕਾਂ

ਸੁਲਤਾਨਪੁਰ ਲੋਧੀ, (ਹਨੀ)

ਐੱਸ ਡੀ ਕਾਲਜ ਫਾਰ ਵੂਮੈਨ ਵਿਖੇ ਮੈਡਮ ਕਸ਼ਮੀਰ ਕੌਰ ਦੀ ਅਗਵਾਈ ਵਿੱਚ ਤੀਆਂ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ। ਪ੍ਰਿੰਸੀਪਲ ਡਾ. ਵੰਦਨਾ ਸ਼ੁਕਲਾ ਦਾ ਸਮਾਗਮ ਵਿਚ ਮੁੱਖ ਮਹਿਮਾਨ ਵੱਜੋਂ ਸ

14-Aug-PAGE-13.qxd 8/13/2025 10:42 PM Page 1

ਪੁਰਾਣੀਆਂ ਗ੍ਰਾਂਟਾਂ ਦੇ ਖਰਚ ਤੱਕ ਨਵੀਂ ਗ੍ਰਾਂਟ ਜਾਰੀ ਨਹੀਂ ਕੀਤੀ ਜਾਵੇਗੀ : ਡਿਪਟੀ ਕਮਿਸ਼ਨਰ

ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)

ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਇਕ ਉੱਚ ਪੱਧਰੀ ਮੀਟਿੰਗ ਕੀਤੀ ਗਈ, ਜਿਸ ਵਿੱਚ ਪੇਂਡੂ ਵਿਕਾਸ ਅਤੇ ਹੋਰ ਸਕੀਮਾਂ ਦਾ ਜਾਇਜ਼ਾ ਲੈਣ ਦੌਰਾਨ ਸਾਹਮਣੇ ਆਇਆ ਕਿ ਪਿੰਡਾਂ ਵਿੱਚ ਕਈ ਗ੍ਰਾਂਟਾਂ ਅਣਵਰਤੀਆਂ ਹਨ। ਇਸ ਦਾ ਗੰਭੀਰ ਨੋਟਿਸ ਲੈਂਦਿਆਂ ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਸਖਤ ਨਿਰਦੇਸ਼ ਦਿੱਤੇ ਕਿ ਜਦੋਂ ਤੱਕ ਪੁਰਾਣੀਆਂ ਗ੍ਰਾਂਟਾਂ ਨਹੀਂ ਖਰਚੀਆਂ ਜਾਂਦੀਆਂ, ਉਦੋਂ ਤੱਕ ਨਵੀਂ ਗ੍ਰਾਂਟ ਜਾਰੀ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਵੱਲੋਂ ਪਿੰਡਾਂ ਅਤੇ ਸ਼ਹਿਰਾਂ ਦੇ ਵਿਕਾਸ ਲਈ ਫੰਡਾਂ ਦੀ ਕੋਈ ਘਾਟ ਨਹੀਂ ਰਹਿਣ ਦਿੱਤੀ ਜਾਵੇਗੀ, ਇਸ ਲਈ ਪੂਰੀ ਗੰਭੀਰਤਾ ਨਾਲ ਸਮੇਂ ਸਿਰ ਪਿੰਡਾਂ ਦੇ ਵਿਕਾਸ ਕਾਰਜ ਨੇਪਰੇ ਚਾੜ੍ਹੇ ਜਾਣ, ਤਾਂ ਜੋ ਨਵੇਂ ਵਿਕਾਸ ਕੰਮ ਆਰੰਭੇ ਜਾ ਸਕਣ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਰਕਾਰ ਵੱਲੋਂ ਸਮੇਂ-ਸਮੇਂ ਤੇ ਵਿਕਾਸ ਕਾਰਜਾਂ ਲਈ ਫੰਡ ਜਾਰੀ ਕੀਤੇ ਜਾਂਦੇ ਹਨ, ਇਸ ਲਈ ਇਨ੍ਹਾਂ ਫੰਡਾਂ ਦੀ ਪਾਰਦਰਸ਼ੀ ਅਤੇ ਸੁਚੱਜੇ ਢੰਗ ਨਾਲ ਸਮੇਂ ਸਿਰ ਵਰਤੋਂ ਬੇਹੱਦ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਇਸ ਕੰਮ ਵਿੱਚ ਕਿਸੇ ਕਿਸਮ ਦੀ ਕੁਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਡਾ. ਅਗਰਵਾਲ ਨੇ ਸਮੂਹ ਐਸ.ਡੀ.ਐਮਜ਼ ਨੂੰ ਹਦਾਇਤ ਕੀਤੀ ਕਿ ਬੀ.ਡੀ.ਓਜ਼ ਦੇ ਨਾਲ ਮਿਲ ਕੇ ਪਿੰਡਾਂ ਵਿੱਚ ਚੱਲ ਰਹੇ ਵਿਕਾਸ ਕੰਮਾਂ ਦੀ ਨਿਯਮਿਤ ਤੌਰ 'ਤੇ ਸਮੀਖਿਆ ਕੀਤੀ ਜਾਵੇ, ਤਾਂ ਜੋ ਇਨ੍ਹਾਂ ਕਾਰਜਾਂ ਨੂੰ ਸਮੇਂ ਸਿਰ ਨੇਪਰੇ ਚਾੜ੍ਹਿਆ ਜਾ ਸਕੇ।

ਡਿਪਟੀ ਕਮਿਸ਼ਨਰ ਨੇ ਵੱਖ-ਵੱਖ ਵਿਕਾਸ ਪ੍ਰਾਜੈਕਟਾਂ ਦਾ ਜਾਇਜ਼ਾ ਲੈਂਦਿਆਂ ਦੱਸਿਆ ਕਿ ਜ਼ਿਲ੍ਹੇ ਦੇ 110 ਪਿੰਡਾਂ ਵਿੱਚ ਠੋਸ ਰਹਿੰਦ-ਖੂਹੰਦ ਪ੍ਰਬੰਧਨ ਸਬੰਧੀ ਪ੍ਰਾਜੈਕਟ ਮੁਕੰਮਲ ਹੋ ਚੁੱਕੇ ਹਨ। ਇਸੇ ਤਰ੍ਹਾਂ ਤਰਲ ਰਹਿੰਦ-ਖੂਹੰਦ ਪ੍ਰਬੰਧਨ ਤਹਿਤ 70 ਪਿੰਡਾਂ ਵਿੱਚ ਪ੍ਰਾਜੈਕਟ ਮੁਕੰਮਲ ਹੋ ਚੁੱਕੇ ਹਨ। ਡਿਪਟੀ ਕਮਿਸ਼ਨਰ ਨੇ ਇਹ ਵੀ ਕਿਹਾ ਕਿ ਵਿਕਾਸ ਕੰਮਾਂ ਦੇ ਆਧਾਰ 'ਤੇ 'ਸਰਵ-ਉੱਤਮ ਪਿੰਡ' ਦੀ ਚੋਣ ਕਰਕੇ ਉਸ ਨੂੰ ਵਿਸ਼ੇਸ਼ ਸਨਮਾਨ ਨਾਲ ਨਵਾਜਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਨਾਲ ਪਿੰਡਾਂ ਵਿੱਚ ਸਿਹਤ, ਸਫਾਈ ਅਤੇ ਵਿਕਾਸ ਲਈ ਮੁਕਾਬਲੇ ਦੀ ਭਾਵਨਾ ਵਧੇਗੀ। ਮੀਟਿੰਗ ਵਿੱਚ ਐਸ.ਡੀ.ਐਮ. ਆਦਮਪੁਰ ਵਿਵੇਕ ਕੁਮਾਰ ਮੋਦੀ (ਵਾਧੂ ਚਾਰਜ ਵਧੀਕ ਡਿਪਟੀ ਕਮਿਸ਼ਨਰ ਦਿਹਾਤੀ ਵਿਕਾਸ), ਸਹਾਇਕ ਕਮਿਸ਼ਨਰ (ਯੂ.ਟੀ.) ਮੁਕਿਲਨ ਆਰ, ਡੀ.ਡੀ.ਪੀ.ਓ ਅਤੇ ਬੀ.ਡੀ.ਪੀ.ਓਜ਼ ਵੀ ਮੌਜੂਦ ਸਨ।

ਟੈਕਨੀਕਲ ਸਰਵਿਸ ਯੂਨੀਅਨ ਦੀਆਂ ਵੱਖ-ਵੱਖ ਕਮੇਟੀਆਂ ਦਾ ਗਠਨ

ਅੱਡਾ ਸਰਾਂ/ਟਾਂਡਾ ਉੜਮੁੜ, (ਓਂਕਾਰ ਸਿੰਘ)

ਟੈਕਨੀਕਲ ਸਰਵਿਸ ਯੂਨੀਅਨ ਦੀ ਮੀਟਿੰਗ ਬਿਜਲੀ ਘਰ ਟਾਂਡਾ ਵਿਖੇ ਸੂਬਾ ਪ੍ਰਧਾਨ ਰਤਨ ਸਿੰਘ ਮਾਜਰੀ ਦੇ ਨਿਰਦੇਸ਼ਾਂ ਹੇਠ ਹੋਈ। ਮੰਡਲ ਪ੍ਰਧਾਨ ਭੋਗਪੁਰ ਦਿਲਬਰ ਸਿੰਘ ਸੈਣੀ ਦੀ ਅਗਵਾਈ ਵਿਚ ਹੋਈ ਮੀਟਿੰਗ ਦੌਰਾਨ ਵੱਖ-ਵੱਖ ਕਮੇਟੀਆਂ ਦਾ ਗਠਨ ਕੀਤਾ ਗਿਆ। ਪ੍ਰਧਾਨ ਦਿਲਬਰ ਸਿੰਘ ਨੇ ਦੱਸਿਆ ਕਿ ਇਸ ਦੌਰਾਨ ਸ਼ਹਿਰੀ ਉਪਮੰਡਲ ਕਮੇਟੀ ਲਈ ਲਾਈਨਮੈਨ ਪਵਿੱਤਰ ਸਿੰਘ ਨੂੰ ਪ੍ਰਧਾਨ ਬਣਾਇਆ ਗਿਆ। ਜਦਕਿ ਲਖਵਿੰਦਰ ਸਿੰਘ ਨੂੰ ਉਪ ਪ੍ਰਧਾਨ, ਹਰਪ੍ਰੀਤ ਸਿੰਘ ਨੂੰ ਸਕੱਤਰ, ਦਵਿੰਦਰ ਸਿੰਘ ਨੂੰ ਸਹਾਇਕ ਸਕੱਤਰ, ਸੁਰਿੰਦਰ ਸਿੰਘ ਨੂੰ ਖਜ਼ਾਨਚੀ ਨਿਯੁਕਤ ਕੀਤਾ ਗਿਆ।ਇਸੇ ਤਰ੍ਹਾਂ ਸਬ ਅਰਬਨ ਕਮੇਟੀ ਲਈ ਅਵਤਾਰ ਸਿੰਘ ਨੂੰ ਪ੍ਰਧਾਨ ਬਣਾਇਆ ਗਿਆ, ਕਸ਼ਮੀਰ ਸਿੰਘ ਨੂੰ ਮੀਤ ਪ੍ਰਧਾਨ, ਪਰਸ਼ੋਤਮ ਸਿੰਘ ਨੰਗਲ ਖੁੰਗਾ ਨੂੰ ਸਕੱਤਰ, ਹਰਕਮਲ ਸਿੰਘ ਨੂੰ ਸਹਾਇਕ ਸਕੱਤਰ, ਪ੍ਰਦੀਪ ਸਿੰਘ ਨੂੰ ਕੈਸ਼ੀਅਰ, ਤੇਜਾ ਸਿੰਘ ਤੇ ਸੰਜੀਵ ਸਿੰਘ ਨੂੰ ਸਲਾਹਕਾਰ ਬਣਾਇਆ ਗਿਆ। ਮੰਡਲ ਕੰਧਾਲਾ ਜੱਟਾ ਕਮੇਟੀ ਲਈ ਰਵਿੰਦਰ ਸਿੰਘ ਨੂੰ ਪ੍ਰਧਾਨ ਬਣਾਇਆ ਗਿਆ। ਮਨਦੀਪ ਸਿੰਘ ਨੂੰ ਮੀਤ ਪ੍ਰਧਾਨ, ਸੰਜੀਵ ਸਿੰਘ ਨੂੰ ਸਕੱਤਰ, ਰਮੇਸ਼ ਕੁਮਾਰ ਨੂੰ ਸਹਾਇਕ ਸਕੱਤਰ ਅਤੇ ਰਾਹੁਲ ਨੂੰ ਕੈਸ਼ੀਅਰ ਬਣਾਇਆ ਗਿਆ।

ਭਲਕੇ ਕੱਢਿਆ ਜਾਵੇਗਾ ਤਿਰੰਗਾ ਮਾਰਚ : ਖੰਨਾ

ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)

ਸ਼ਿਵ ਸੇਨਾ ਹਿੰਦੁਸਤਾਨ ਨੂੰ ਹੋਰ ਮਜਬੂਤ ਕਰਨ ਅਤੇ 15 ਅਗਸਤ ਨੂੰ ਤਿਰੰਗਾ ਮਾਰਚ ਕੱਢਣ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਸ਼ਿਵ ਸੇਨਾ ਦੇ ਪੰਜਾਬ ਕਾਰਜਕਾਰੀ ਪ੍ਰਧਾਨ ਰਾਹੁਲ ਖੰਨਾ ਦੀ ਅਗਵਾਈ ਵਿੱਚ ਜ਼ਿਲ੍ਹਾ ਚੇਅਰਮੈਨ ਵਿਵੇਕ ਵਿਜ਼ਨ, ਦੋਆਬਾ ਪ੍ਰਧਾਨ ਪ੍ਰਸ਼ਾਂਤ ਪੰਡਿਤ, ਜ਼ਿਲ੍ਹਾ ਯੂਥ ਪ੍ਰਧਾਨ ਪੁਨੀਤ ਢੀਂਗਰਾ, ਯੁਵਾ ਨੇਤਾ ਰਾਜੂ ਖੋਸਲਾ, ਜ਼ਿਲਾ ਵਾਈਸ ਚੇਅਰਮੈਨ ਸੰਜੀਵ ਖੰਨਾ, ਸਿਟੀ ਪ੍ਰਧਾਨ ਰਾਜੀਵ ਖੰਨਾ ਅਤੇ ਯੂਵਾ ਸਿਟੀ ਪ੍ਰਧਾਨ ਗੁਰਨਾਮ ਸਿੰਘ ਗੋਨੀ ਨੇ ਇੱਕ ਵਿਸ਼ੇਸ਼ ਸਮਾਰੋਹ ਦਾ ਆਯੋਜਨ ਕੀਤਾ ਅਤੇ ਆਪਣੇ ਵਿਚਾਰ ਸਾਂਝੇ ਕੀਤੇ। ਹਾਜਰੀ ਇਕੱਠ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਰਾਹੁਲ ਖੰਨਾ ਨੇ ਕਿਹਾ ਕਿ ਸ਼ਿਵ ਸੇਨਾ ਹਿੰਦੁਸਤਾਨ ਦਾ ਹਰ ਵਰਕਰ ਹਿੰਦੂ ਧਰਮ ਦੀ ਰੱਖਿਆ ਲਈ ਹਰ ਪ੍ਰਕਾਰ ਦਾ ਬਲਿਦਾਨ ਦੇਣ ਨੂੰ ਤਿਆਰ ਹੈ। ਉਨ੍ਹਾਂ ਕਿਹਾ ਕਿ ਭਾਰਤ ਦੀ ਆਜ਼ਾਦੀ ਦਿਵਸ ਨੂੰ ਸਮਰਪਿਤ ਸ਼ਿਵ ਸੇਨਾ ਹਿੰਦੁਸਤਾਨ ਵੱਲੋਂ 15 ਅਗਸਤ ਨੂੰ ਟਾਂਡਾ ਸ਼ਹਿਰ ਵਿੱਚ ਇੱਕ ਵਿਸ਼ਾਲ ਤਿਰੰਗਾ ਮਾਰਚ ਕੱਢਿਆ ਜਾਵੇਗਾ।ਸ਼ਿਵ ਸੇਨਾ ਹਿੰਦੁਸਤਾਨ ਦੀਆਂ ਪ੍ਰਾਪਤੀਆਂ ਨੂੰ ਵੇਖਦੇ ਹੋਏ ਸ਼ਿਵ ਸੇਨਾ ਵਿੱਚ ਸ਼ਾਮਿਲ ਹੋਏ ਨੌਜਵਾਨਾਂ ਵਿੱਚੋਂ ਮਨਜੋਤ ਸਿੰਘ ਨੂੰ ਸ਼ਿਵ ਸੇਨਾ ਯੂਥ ਸਿਟੀ ਚੇਅਰਮੈਨ, ਬਬਲੂ ਕੁਮਾਰ ਨੂੰ ਯੂਥ ਸਿਟੀ ਵਾਈਸ ਚੇਅਰਮੈਨ, ਗਗਨ ਕੁਮਾਰ ਨੂੰ ਯੂਥ ਸਿਟੀ ਵਾਈਸ ਪ੍ਰਧਾਨ, ਬੰਟੀ ਰਾਜਪੂਤ ਨੂੰ ਸਿਟੀ ਵਾਈਸ ਸਕੱਤਰ, ਸੰਨੀ ਕੁਮਾਰ ਨੂੰ ਵਾਇਸ ਯੁਵਾ ਨੇਤਾ ਘੋਸ਼ਿਤ ਕਰਕੇ ਉਨ੍ਹਾਂ ਨੂੰ ਸਨਮਾਨਿਤ ਕੀਤਾ।ਇਸ ਮੌਕੇ 'ਤੇ ਕਰਨ ਕੁਮਾਰ, ਤਰਨਜੋਤ, ਸ਼ਰਨ, ਅਭੈ, ਜਾਨੀ, ਵੰਸ਼, ਰਾਜਨ, ਪ੍ਰਭ, ਦਮਨ, ਅਮਨ, ਬਿੱਲਾ, ਲਕਸ਼, ਗਨੇਸ਼, ਗਗਨ, ਰਾਹੁਲ, ਰਿਸ਼ੀ, ਸੰਜੇ, ਸੁਨੀਲ, ਮੋਹਨ, ਅਨਿਲ, ਰਾਜੂ, ਰੋਹਿਤ, ਮਹੇਸ਼, ਅਮਨ, ਵਿਕਾਸ, ਭਿੰਦਾ, ਸੁਰਜੀਤ, ਗਗਨਦੀਪ, ਆਰ.ਕੇ ਰਾਜਪੂਤ, ਦੀਪਕ ਅਤੇ ਹੋਰ ਸ਼ਿਵਸੇਨਾ ਵਰਕਰ ਹਾਜ਼ਰ ਸਨ।

ਨੰਬਰਦਾਰਾਂ ਨਾਲ ਕੀਤੇ ਵਾਅਦੇ ਪੂਰੇ ਕੀਤੇ ਜਾਣ : ਮੁੰਧ, ਹੇਅਰ

ਕਾਲਾ ਸੰਘਿਆਂ (ਮਨਜੀਤ ਮਾਨ)

ਨੰਬਰਦਾਰ ਯੂਨੀਅਨ ਦੀ ਮੀਟਿੰਗ ਸੁਰਜੀਤ ਸਿੰਘ ਹੇਅਰ ਦੀ ਪ੍ਰਧਾਨਗੀ ਹੇਠ ਮੁੱਖ ਦਫਤਰ ਵਿੱਚ ਕੀਤੀ ਗਈ।ਇਸ ਮੌਕੇ ਨੰਬਰਦਾਰ ਹਰਕੰਵਲ ਸਿੰਘ ਜ਼ਿਲ੍ਹਾ ਪ੍ਰਧਾਨ ਜਲੰਧਰ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਸਰਕਾਰ ਵੱਲੋਂ ਲੈਂਡ ਪੁਲਿੰਗ ਸਕੀਮ ਵਾਪਸ ਲੈਣ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਕਿ ਸਰਕਾਰ ਨੂੰ ਕਿਸਾਨ ਜਥੇਬੰਦੀਆਂ, ਨੰਬਰਦਾਰ ਯੂਨੀਅਨਾਂ ਅਤੇ ਲੋਕਾਂ ਦੇ ਵਿਰੋਧ ਕਰਕੇ ਵਾਪਸ ਲੈਣ ਲਈ ਮਜਬੂਰ ਹੋਣਾ ਪਿਆ।ਇਸ ਦੇ ਨਾਲ ਹੀ ਨੰਬਰਦਾਰ ਯੂਨੀਅਨ ਨੇ ਮੰਗ ਕੀਤੀ ਕਿ ਸਾਡੇ ਨਾਲ ਕੀਤੇ ਵਾਅਦੇ ਪੂਰੇ ਕੀਤੇ ਜਾਣ।ਚੋਣ ਮੈਨੀਫੈਸਟੋ 'ਚ 3000 ਭੱਤਾ ਅਤੇ ਨੰਬਰਦਾਰੀ ਜੱਦੀ ਪੁਸ਼ਤੀ ਦਾ ਵਾਅਦਾ ਕੀਤਾ ਸੀ ,ਜੋ ਸਾਢੇ ਤਿੰਨ ਸਾਲ ਬੀਤਣ ਤੇ ਵੀ ਪੂਰਾ ਨਹੀਂ ਕੀਤਾ ਗਿਆ।ਇਸ ਮੌਕੇ ਕਿਸਾਨ ਆਗੂ ਅਤੇ ਨੰਬਰਦਾਰ ਯੂਨੀਅਨ ਦੇ ਆਗੂ ਇੱਕਤਰ ਹੋਏ।ਇਨ੍ਹਾਂ ਵਿੱਚ ਹਰਕੰਵਲ ਸਿੰਘ ਮੁੰਧ, ਸੁਰਜੀਤ ਸਿੰਘ ਹੇਅਰ, ਹਰਸਿਮਰਤਪਾਲ ਸਿੰਘ ਨੰਬਰਦਾਰ ਸਰਕਪੁਰ, ਜਸਵੀਰ ਸਿੰਘ ਨੰਬਰਦਾਰ ਆਲੋਵਾਲ, ਅਮਨਦੀਪ ਸਿੰਘ ਨੰਬਰਦਾਰ ਸਿਆਣੀਵਾਲ, ਕੰਵਲਜੀਤ ਸਿੰਘ ਆਲੋਵਾਲ, ਹਰਪਾਲ ਸਿੰਘ ਮਾਲੜੀ ਆਦਿ ਸ਼ਾਮਿਲ ਸਨ।

ਮਜ਼ਦੂਰਾਂ ਨੂੰ ਆਪਣਾ ਰੋਜ਼ਗਾਰ ਬਚਾਉਣ ਲਈ ਲਗਾਤਾਰ ਸੰਘਰਸ਼ ਕਰਨਾ ਪਵੇਗਾ : ਰਾਣਾ

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)

ਪਿੰਡਾਂ 'ਚ ਮਨਰੇਗਾ ਅਧਿਕਾਰ ਅੰਦੋਲਨ ਦੀ ਮੀਟਿੰਗ ਸਾਥੀ ਮਨੋਹਰ ਲਾਲ ਦੀ ਅਗਵਾਈ ਹੇਠ ਹੋਈ। ਜਿਸ ਵਿਚ ਵੱਡੀ ਗਿਣਤੀ 'ਚ ਇਸਤਰੀ ਮਜਦੂਰਾਂ ਨੇ ਹਿੱਸਾ ਲਿਆ ਅਤੇ ਕੰਮ ਦੌਰਾਨ ਪੇਸ਼ ਆ ਰਹੀਆਂ ਮੁਸ਼ਕਿਲਾਂ 'ਤੇ ਵਿਚਾਰ ਕੀਤਾ। ਮਜਦੂਰਾਂ ਨੇ ਆਪਣਾ ਰੁਜਗਾਰ ਬਚਾਉਣ ਲਈ ਜੋਰਦਾਰ ਨਾਅਰੇਬਾਜੀ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਸਾਥੀ ਕਰਨ ਸਿੰਘ ਰਾਣਾ ਜਨਰਲ ਸਕੱਤਰ ਸਾਂਝਾ ਕਿਸਾਨ ਮਜਦੂਰ ਮੋਰਚਾ ਸਬੰਧਤ ਭਾਈ ਲਾਲੋ ਲੋਕ ਮੰਚ ਪੰਜਾਬ ਨੇ ਕਿਹਾ ਕਿ ਹਕੂਮਤਾਂ ਤਾਂ ਪੂੰਜੀਵਾਦੀ ਕਾਰਪੋਰੇਟ ਦੇ ਦਬਾਅ ਹੇਠ ਮਨਰੇਗਾ ਦੇ ਕੰਮ ਨੂੰ ਖਤਮ ਕਰਨਾ ਚਾਹੁੰਦੀਆਂ ਹਨ ਇਸ ਲਈ ਮਜਦੂਰਾਂ ਨੂੰ ਆਪਣਾ ਰੁਜਗਾਰ ਬਚਾਉਣ ਲਈ ਅਤੇ ਪੂਰੀ ਉਜਰਤ ਪ੍ਰਾਪਤ ਕਰਨ ਲਈ ਲਗਾਤਾਰ ਸੰਘਰਸ਼ ਲੜਨਾ ਪਵੇਗਾ। ਜ਼ਿਲ੍ਹਾ ਆਗੂ ਬੀਬੀ ਸ਼ਸ਼ੀ ਰਾਣਾ ਸਾਬਕਾ ਸਰਪੰਚ ਟੌਂਸਾ ਅਤੇ ਮਨੋਹਰ ਲਾਲ ਤਹਿਸੀਲ ਪ੍ਰਧਾਨ ਨੇ ਮੰਗ ਕੀਤੀ ਕਿ ਪਿੰਡਾਂ ਵਿੱਚ ਮਨਰੇਗਾ ਦਾ ਕੰਮ ਤੁਰੰਤ ਸ਼ੁਰੂ ਕੀਤਾ ਜਾਵੇ ਅਤੇ ਲੋੜਵੰਦਾਂ ਨੂੰ ਰੁਜਗਾਰ ਦਿੱਤਾ ਜਾਵੇ। ਉਹਨਾਂ ਇਹ ਵੀ ਮੰਗ ਕੀਤੀ ਕਿ ਕਿਰਤੀਆਂ ਨੂੰ 200 ਦਿਨ ਸਾਲ ਵਿੱਚ ਕੰਮ ਦਿੱਤਾ ਜਾਵੇ ਅਤੇ ਦਿਹਾੜੀ 700 ਰੁਪਏ ਦਿੱਤੀ ਜਾਵੇ। ਆਗੂਆਂ ਨੇ ਸਰਕਾਰ ਤੋਂ ਇਹ ਵੀ ਮੰਗ ਕੀਤੀ ਕਿ ਕੀਤੇ ਕੰਮ ਦੀ ਅਦਾਇਗੀ ਤੁਰੰਤ ਕੀਤੀ ਜਾਵੇ। ਮੀਟਿੰਗ ਵਿਚ ਕਿਰਤੀਆਂ ਨੇ ਕੰਮ ਪ੍ਰਾਪਤ ਕਰਨ ਲਈ ਬਿਨੈ ਪੱਤਰ ਤਿਆਰ ਕੀਤਾ ਜੋ ਅਧਿਕਾਰੀਆਂ ਨੂੰ ਦਿੱਤਾ ਜਾਵੇਗਾ। ਕਿਰਤੀਆਂ ਨੇ ਸਰਬ ਸੰਮਤੀ ਨਾਲ ਫੈਸਲਾ ਕੀਤਾ ਕਿ ਜੇ ਸਰਕਾਰ ਨੇ ਮਿੱਥੇ ਸਮੇਂ ਵਿੱਚ ਪਿੰਡ ਵਿੱਚ ਮਨਰੇਗਾ ਦਾ ਕੰਮ ਨਾ ਚਲਾਇਆ ਤਾਂ ਜੋਰਦਾਰ ਸੰਘਰਸ਼ ਸ਼ੁਰੂ ਕੀਤਾ ਜਾਵੇਗਾ। ਇਸ ਮੌਕੇ ਬਲਦੇਵ ਸਿੰਘ ਬੇਦੀ, ਆਸਾ ਰਾਮ, ਸੀਮਾ ਰਾਣੀ, ਭਜਨ ਕੌਰ, ਬਲਜੀਤ ਕੌਰ, ਬਬਲੀ, ਮਨਦੀਪ ਕੌਰ ਆਦਿ ਨੇ ਵੀ ਵਿਚਾਰ ਪੇਸ਼ ਕੀਤੇ ।

16 ਦੀ ਰੈਲੀ ਨੂੰ ਸਫਲ ਬਣਾਉਣ ਲਈ ਮਿਡ-ਡੇ-ਮੀਲ ਵਰਕਰਾਂ ਨੂੰ ਕੀਤਾ ਲਾਮਬੰਦ

ਮੇਹਟੀਆਣਾ, (ਜਗਤਾਰ ਸਿੰਘ ਭੁੰਗਰਨੀ)

ਮਿਡ-ਡੇ-ਮੀਲ ਵਰਕਰ ਯੂਨੀਅਨ ਬਲਾਕ ਕੋਟ ਫਤੂਹੀ ਦੀ ਇੱਕ ਮੀਟਿੰਗ ਪੰਜਾਬ ਦੀ ਜਨਰਲ ਸਕੱਤਰ ਕਮਲਜੀਤ ਕੌਰ ਖੜੌਦੀ ਤੇ ਬਲਾਕ ਮਾਹਿਲਪੁਰ ਦੀ ਵਾਇਸ ਪ੍ਰਧਾਨ ਸੰਧਿਆ ਰਾਣੀ ਦੀ ਪ੍ਰਧਾਨਗੀ 'ਚ ਮਾਹਿਲਪੁਰ ਵਿਖੇ ਹੋਈ।ਮੀਟਿੰਗ ਵਿੱਚ ਬਲਾਕ ਦੇ ਮਿਡ-ਡੇ-ਮੀਲ ਵਰਕਰਾਂ ਨੇ ਸ਼ਮੂਲੀਅਤ ਕੀਤੀ।ਮੀਟਿੰਗ ਨੂੰ ਸੰਬੋਧਨ ਕਰਦਿਆਂ ਮਿਡ-ਡੇ-ਮੀਲ ਵਰਕਰ ਯੂਨੀਅਨ ਦੇ ਆਗੂਆਂ ਨੇ ਕਿਹਾ ਕਿ ਮਿਡ-ਡੇ-ਮੀਲ ਵਰਕਰ ਨਿਗੂਣੇ ਮਾਣਭੱਤੇ ਤੇ ਕੰਮ ਕਰ ਰਹੇ ਹਨ।ਇਹ ਮਾਣਭੱਤਾ ਵੀ ਉਨ੍ਹਾਂ ਨੂੰ ਪਿਛਲੇ ਦੋ ਮਹੀਨਿਆਂ ਤੋਂ ਨਹੀਂ ਮਿਲੀਆ। ਆਗੂਆਂ ਨੇ ਕਿਹਾ ਕਿ ਮਿਡ-ਡੇ-ਮੀਲ ਵਰਕਰ 16 ਅਗਸਤ ਦੀ ਸੰਗਰੂਰ ਵਿਖੇ ਕੀਤੀ ਜਾ ਰਹੀ ਸੂਬਾ ਪੱਧਰੀ ਰੈਲੀ ਵਿੱਚ ਵੱਧ ਚੜ੍ਹ ਕੇ ਸ਼ਮੂਲੀਅਤ ਕਰਨਗੇ।ਇਸ ਮੌਕੇ ਆਸ਼ਾ ਰਾਣੀ, ਲਖਵਿੰਦਰ ਕੌਰ, ਜਗਦੀਸ਼ ਕੌਰ, ਚਰਨਜੀਤ ਕੌਰ, ਕਾਂਤਾ, ਸੁਰਿੰਦਰ ਕੌਰ, ਸੁਖਵਿੰਦਰ ਕੌਰ, ਰਜਨੀ, ਜੋਤੀ ਆਦਿ ਵੱਡੀ ਗਿਣਤੀ ਵਿੱਚ ਮਿਡ-ਡੇ-ਮੀਲ ਵਰਕਰ ਹਾਜ਼ਰ ਸਨ।

'ਮਿਸ਼ਨ 2027' ਤਹਿਤ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕਰੋ : ਤਲਵਾੜ

ਹੁਸ਼ਿਆਰਪੁਰ, (ਬਲਬੀਰ ਸਿੰਘ ਸੈਣੀ)

ਪੰਜਾਬ ਇੱਕ ਸਰਹੱਦੀ ਸੂਬਾ ਹੈ ਅਤੇ ਪੰਜਾਬ ਨੇ ਹਮੇਸ਼ਾ ਦੁਸ਼ਮਣ ਦੀ ਪਹਿਲੀ ਗੋਲੀ ਆਪਣੀ ਛਾਤੀ 'ਤੇ ਮਾਰੀ ਹੈ, ਪਰ ਦੁਸ਼ਮਣ ਦੇਸ਼ ਨੇ ਕਦੇ ਵੀ ਪੰਜਾਬ ਨੂੰ ਓਨਾ ਨੁਕਸਾਨ ਨਹੀਂ ਪਹੁੰਚਾਇਆ ਜਿੰਨਾ ਪਿਛਲੀਆਂ ਸਰਕਾਰਾਂ ਨੇ ਪੰਜਾਬ ਅਤੇ ਪੰਜਾਬੀਆਂ ਨੂੰ ਕੀਤਾ ਹੈ। ਉਪਰੋਕਤ ਸ਼ਬਦ ਸ਼੍ਰੋਮਣੀ ਅਕਾਲੀ ਦਲ ਦੇ ਨਵ- ਨਿਯੁਕਤ ਉਪ-ਪ੍ਰਧਾਨ ਸੰਜੀਵ ਤਲਵਾੜ ਨੇ ਸ੍ਰ. ਭੂਪੇਂਦਰ ਸਿੰਘ ਦੀ ਅਗਵਾਈ ਹੇਠ ਆਯੋਜਿਤ ਸਨਮਾਨ ਸਮਾਰੋਹ ਨੂੰ ਸੰਬੋਧਨ ਕਰਦਿਆਂ ਕਹੇ। ਉਨ੍ਹਾਂ ਕਿਹਾ ਕਿ ਮਿਸ਼ਨ 2027 ਤਹਿਤ ਹਰ ਬੂਥ 'ਤੇ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕਰਨ ਦਾ ਕੰਮ ਅੱਜ ਤੋਂ ਹੀ ਸ਼ੁਰੂ ਕਰੀਏ। ਉਨ੍ਹਾਂ ਭਰੋਸਾ ਦਿੱਤਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਨੂੰ ਉਹ ਸਨਮਾਨ ਜ਼ਰੂਰ ਮਿਲੇਗਾ ਜਿਸ ਦੇ ਉਹ ਹੱਕਦਾਰ ਹਨ। ਇਸ ਮੌਕੇ ਤੀਰਥ ਸਿੰਘ ਸਤੌਰ, ਐਡਵੋਕੇਟ ਸੂਰਜ ਸਿੰਘ ਬਾਗਪੁਰ, ਸੁਖਦੇਵ ਸਿੰਘ ਸਤੌਰ, ਮਨਮੋਹਨ ਸਿੰਘ, ਤਰਲੋਚਨ ਸਿੰਘ, ਜੋਗਾ ਸਿੰਘ, ਅਵ

ਅਜ਼ਾਦੀ ਦੇ ਸ਼ੁੱਭ ਦਿਹਾੜੇ ਤੇ ਇਤਿਹਾਸਿਕ ਨਗਰ ਬਿਲਗਾ ਦਾ ਵਿਸ਼ੇਸ਼ ਸਪਲੀਮੈਂਟ

ਚਰਨਜੀਤ ਸਿੰਘ ਚੰਨੀ
ਮੈਂਬਰ ਪਾਰਲੀਮੈਂਟ

ਡਾ. ਨਵਜੋਤ ਸਿੰਘ ਦਾਹੀਆ
ਹਲਕਾ ਇੰਚਾਰਜ ਨਕੋਦਰ

ਸਵਤੰਤਰਤਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ
ਲੱਖ-ਲੱਖ ਵਧਾਈਆਂ
ਵੱਲੋਂ: ਸ.ਪਰਮਿੰਦਰ ਸਿੰਘ ਸੰਘੇੜਾ
ਪ੍ਰਧਾਨ ਕਾਂਗਰਸ ਯੂਨਿਟ ਬਿਲਗਾ

ਸਵਤੰਤਰਤਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਸ੍ਰੀ ਰਮੇਸ਼ ਗੁਪਤਾ | ਸ੍ਰੀ ਅਸ਼ੋਕ ਗੁਪਤਾ | ਸ੍ਰੀ ਸੰਜੀਵ ਗੁਪਤਾ | ਸ੍ਰੀ ਅਰਪਨ ਗੁਪਤਾ
ANNPURNA RICE & GENERAL MILLS
ਮਾਓ ਸਾਹਿਬ ਰੋਡ ਬਿਲਗਾ, ਤਹਿ. ਫਿਲੌਰ (ਜਲੰਧਰ)
ਮੋਬ: 98763-46063, 92165-46063, 98763-61063

ਸਵਤੰਤਰਤਾ ਦਿਵਸ ਦੀਆਂ ਲੱਖ-ਲੱਖ ਵਧਾਈਆਂ
27 Years of Meritorius Service to the Society
Sheela Rani Tangri
D.A.V Public School, Bilga
Affliated to CBSE, New Delhi
Nursery to 10+2
(Medical, Non-Medical, Commerce & Arts)
Winner o fFour International School Awards

ਸਵਤੰਤਰਤਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਵੱਲੋਂ: ਸਤੀਸ਼ ਕੁਮਾਰ, ਪਟਵਾਰੀ

ਸਵਤੰਤਰਤਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਵੱਲੋਂ: ਤੀਰਥ ਰਾਮ ਮਿੱਠੜਾ ਪਟਵਾਰੀ

ਸਵਤੰਤਰਤਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
KHELA ENTERPRISES BILGA
ਬਹਾਦਰ ਸਿੰਘ ਖੇਲਾ
ਮੋਬ:98727-45354
ਨੇੜੇ ਬੱਸ ਸਟੈਂਡ ਬਿਲਗਾ (ਜਲੰਧਰ)

ਸਵਤੰਤਰਤਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਬੱਬੀ ਕੈਂਥ ਬਿਲਗਾ
ਸਬਮਰਸੀਬਲ ਵਰਕਸ
ਮੋਬ: 98145-44107
ਪੱਤੀ ਦੁਨੀਆਂ ਮਨਸੂਰ ਨੇੜੇ ਮੌ ਸਾਹਿਬ ਰੋਡ ਬਿਲਗਾ

ਸਵਤੰਤਰਤਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
Plaha Agro Industries
Manufacture : Agriculture Implements & Steel Works
Ph. 01826-245273, M: 98151-71073, 98720-07333
Nurmahal Road Bilga (Jal.)

ਸਵਤੰਤਰਤਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਟੋਨੀ ਬਾਵਾ ਇਲੈਕਟ੍ਰੋਨਿਕ ਸਟੋਰ
ਇੱਥੇ ਬਿਜਲੀ ਦਾ ਸਮਾਨ ਵਧੀਆ ਤੇ ਸਸਤੇ ਰੇਟ ਤੇ ਮਿਲਦਾ ਹੈ ਬਿਜਲੀ ਦੀ ਫਿਟਿੰਗ ਕਰਵਾਉਣ ਲਈ ਮਿਲੋ।
ਪੱਤੀ ਨੀਲੋਵਾਲ ਚੌਕ, ਬਿਲਗਾ, ਜਿਲ੍ਹਾ ਜਲੰਧਰ (ਮੋਬ: 98726-45677)

ਸਵਤੰਤਰਤਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਵੱਲੋਂ:
ਡਾ. ਨਵਜੋਤ ਸਿੰਘ ਦਾਹੀਆ
ਕਾਂਗਰਸ, ਹਲਕਾ ਇੰਚਾਰਜ ਨਕੋਦਰ
ਅਮਰਿੰਦਰ ਸਿੰਘ ਰਾਜਾ ਵੜਿੰਗ
ਪੰਜਾਬ ਪ੍ਰਧਾਨ ਕਾਂਗਰਸ ਕਮੇਟੀ
ਚਰਨਜੀਤ ਸਿੰਘ ਚੰਨੀ
ਮੈਂਬਰ ਪਾਰਲੀਮੈਂਟ

ਸਵਤੰਤਰਤਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
Pushkar Kumar
Insurance Advisor
Chairman Club Member
LIC
Life Insurance Corporation of India
Resi: Patti Nilowal Bilga (Jalandhar)
E-mail: pushkarkumar13@yahoo.com
Mob:- 98141-45155

ਸਵਤੰਤਰਤਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਕੈਂਥ ਫਾਇਨਾਂਸ ਬਿਲਗਾ
ਪ੍ਰੋਪ: ਭੁਪਿੰਦਰ ਕੁਮਾਰ ਕੈਂਥ
ਸੰਪਰਕ: 98765-70559

ਸਵਤੰਤਰਤਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
Daksh Digital Studio
ਹਰ ਤਰ੍ਹਾਂ ਦੇ ਪ੍ਰੋਗਰਾਮਾਂ ਦੀ ਲਾਈਵ ਵੀਡੀਓ ਅਤੇ ਪ੍ਰੀ ਵੈਡਿੰਗ ਸ਼ੂਟ ਕਰਵਾਉਣ ਲਈ ਸੰਪਰਕ ਕਰੋ।
ਸੰਪਰਕ ਨੰਬਰ:- 98720-13542
Patti Duniya Mansoor, BILGA (Jal.)

ਸਵਤੰਤਰਤਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਵੱਲੋਂ: ਬਿੱਲੂ ਪ੍ਰਧਾਨ ਆਰੇ ਵਾਲਾ

ਸਵਤੰਤਰਤਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਸ. ਗੁਰਿੰਦਰ ਸਿੰਘ
ਵਾਇਸ ਕੋਆਰਡੀਨੇਟਰ
ਹਲਕਾ ਨਕੋਦਰ
ਆਮ ਆਦਮੀ ਪਾਰਟੀ
ਬਿਲਗਾ (ਸ਼ਹਿਰੀ)

ਸਵਤੰਤਰਤਾ ਦਿਵਸ ਦੀਆਂ ਲੱਖ-ਲੱਖ ਵਧਾਈਆਂ
ਲਾਇਨ ਭੁਪਿੰਦਰ ਕੈਂਥ, ਪ੍ਰਧਾਨ | ਲਾਇਨ ਬਹਾਦਰ ਸਿੰਘ, ਸੈਕਟਰੀ | ਲਾਇਨ ਤੀਰਥ ਰਾਮ, ਕੈਸ਼ੀਅਰ | ਲਾਇਨ ਸਤੀਸ਼ ਕੁਮਾਰ, ਕੈਸ਼ੀਅਰ | ਲਾਇਨ ਸੁੱਖ ਰਾਮ, ਪੀ.ਆਰ.ਓ.
ਵੱਲੋਂ: ਲਾਈਨਜ਼ ਕਲੱਬ ਬਿਲਗਾ ਆਸਥਾ

ਅਜ਼ਾਦੀ ਦੇ ਪਵਿੱਤਰ ਦਿਹਾੜੇ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਵੱਲੋਂ: ਦੀ ਖੋਖੇਵਾਲ ਸਹਿਕਾਰੀ ਖੇਤੀਬਾੜੀ ਸੁਸਾਇਟੀ ਲਿਮਟਿਡ ਖੋਖੇਵਾਲ
ਰਣਜੀਤ ਸਿੰਘ, ਪ੍ਰਧਾਨ ਵਰਕਿੰਗ ਸੁਸਾਇਟੀ | ਸੰਜੀਵ ਤੰਤਰੀ, ਸੈਕਟਰੀ ਖੋਖੇਵਾਲ ਸੁਸਾਇਟੀ | ਰਮੇਸ਼ ਕੁਮਾਰ, ਸੇਲਜ਼ਮੈਨ ਵਰਕਿੰਗ ਸੁਸਾਇਟੀ

ਸਵਤੰਤਰਤਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਭਲਵਾਨ ਉੱਪਲ ਸੀਮਿੰਟ ਸਟੋਰ ਬਿਲਗਾ
M. 98558-66167
M. 89682-94604
ਦਰਿਆਈ ਰੇਤਾਬਜ਼ਰੀ ਅਤੇ ਮਿੱਟੀ ਦੀ ਭਰਤੀ ਪਵਾਉਣ ਲਈ ਸੰਪਰਕ ਕਰੋ।
ਬੱਸ ਸਟੈਂਡ ਬਿਲਗਾ, ਤਹਿ. ਫਿਲੌਰ (ਜਲੰਧਰ)

ਸਵਤੰਤਰਤਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਪਟਵਾਰੀ ਦੀ ਠੰਡੇ ਆਰੇ ਦੀ ਚੱਕੀ ਅਤੇ ਕਰਿਆਨਾ ਸਟੋਰ
ਇੱਥੇ ਆਟਾ, ਹਲਦੀ, ਮਿਰਚ ਮਸਾਲੇ ਦੀ ਪਿਸਾਈ ਵਧੀਆਂ ਅਤੇ ਵਾਜਬ ਰੇਟਾਂ ਤੇ ਕੀਤੀ ਜਾਂਦੀ ਹੈ। ਕਰਿਆਨੇ ਦਾ ਸਾਰਾ ਸਮਾਨ ਵਧੀਆਂ ਕੁਆਲਟੀ ਦਾ ਮਿਲਦਾ ਹੈ।
ਰਵੀ ਮੋਹਣ (ਪ੍ਰੋਪ.): 62806-93448

ਸਵਤੰਤਰਤਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ
ਲੱਖ ਲੱਖ ਵਧਾਈਆਂ
ਸ. ਗੁਰਪ੍ਰਤਾਪ ਸਿੰਘ ਵਡਾਲਾ, ਸਾਬਕਾ ਐਮ.ਐਲ.ਏ. ਹਲਕਾ ਨਕੋਦਰ
ਵੱਲੋਂ: ਚੌਧਰੀ ਜਸਜੀਤ ਸਿੰਘ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਬਿਲਗਾ

ਸਵਤੰਤਰਤਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਦੁਸਾਂਝ ਟਰੈਕਟਰ ਵਰਕਸ
ਪ੍ਰੋਪ: ਮੁਖਤਿਆਰ ਸਿੰਘ
ਸੰਪਰਕ: 92168-48929
ਇੱਥੇ ਟਰੈਕਟਰਾਂ ਦੀ ਰਿਪੇਅਰ ਵਾਜਬ ਰੇਟ ਤੇ ਤਸੱਲੀ ਬਖਸ਼ ਕੀਤੀ ਜਾਂਦੀ ਹੈ।

ਸਵਤੰਤਰਤਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
R.K. Honda
ਇੱਥੇ ਟੂ ਵੀਲਰ ਤੇ ਲੋਨ ਅਸਾਨ ਕਿਸ਼ਤਾਂ ਤੇ ਕੀਤਾ ਜਾਂਦਾ ਹੈ।
M. 85283-39610, 94654-51691
Main Bus Stand Bilga, Distt. Jalandhar

ਸਵਤੰਤਰਤਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ
ਲੱਖ-ਲੱਖ ਵਧਾਈਆਂ
ਬਲਜੀਤ ਸਿੰਘ ਸੰਘੇੜਾ, ਕਾਂਗਰਸੀ ਆਗੂ | ਦਵਿੰਦਰ ਕੌਰ, ਸਾਬਕਾ ਮੈਂਬਰ ਨਗਰ ਪੰਚਾਇਤ ਬਿਲਗਾ

ਸਵਤੰਤਰਤਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਵੱਲੋਂ: ਨਿਪਤਕ ਆਗੂ ਭਾਰਤੀ ਜਨਤਾ ਪਾਰਟੀ
ਪਰਮਜੀਤ ਪੰਮਾ (ਮੰਡਲ ਪ੍ਰਧਾਨ ਬਿਲਗਾ)
ਸੰਪਰਕ ਨੰਬਰ:- 98152-21442

ਸਵਤੰਤਰਤਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਚਰਨਜੀਤ ਸਿੰਘ ਚੰਨੀ, ਮੈਂਬਰ ਪਾਰਲੀਮੈਂਟ | ਡਾ. ਨਵਜੋਤ ਸਿੰਘ ਦਾਹੀਆ, ਹਲਕਾ ਇੰਚਾਰਜ ਨਕੋਦਰ | ਸ੍ਰੀ ਕੁਲਦੀਪ ਸਿੰਘ, ਸੀਨੀਅਰ ਕਾਂਗਰੀ ਆਗੂ ਬਿਲਗਾ (ਸ਼ਹਿਰੀ)

ਸਵਤੰਤਰਤਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
KAMEL FINANCE CO. (REGD.)
M. 98889-75698, 98880-51517, 01826 245003
Cash Loan, Car Loan & Other Loan
Khokhewal Road, Patti Nilowal, Bilga (Jal.)

ਸਵਤੰਤਰਤਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
Prince Readymade Garments
All kinds of Gents & Children Wears
Artificial Jewellery
Main Bazar Patti Nilowal Bilga

ਸਵਤੰਤਰਤਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਸੋਢੀ ਪੇਂਟ ਸਟੋਰ ਐਂਡ ਟੈਂਟ ਹਾਊਸ
ਇੱਥੇ ਕੰਪਿਊਟਰ ਦੁਆਰਾ ਤੁਹਾਡੀ ਮਨਪਸੰਦ ਦਾ ਰੰਗ ਤਿਆਰ ਕੀਤਾ ਜਾਂਦਾ ਹੈ।
ਹਾਰਡਵੇਅਰ ਦਾ ਸਾਰਾ ਸਮਾਨ ਮਿਲਦਾ ਹੈ।
ਮੋਬ:- 98777 30004 (ਸੁਦਾਗਰ ਲਾਲ ਭਾਰੂਵਾਲ)
Patti Duniya Mansoor, BILGA (Jal.)

ਸਵਤੰਤਰਤਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
SHUBHAM MOBILE SERVICE
ਇੱਥੇ ਹਰ ਤਰ੍ਹਾਂ ਦੇ ਨਵੇਂ/ਪੁਰਾਣੇ ਮੋਬਾਇਲ ਖ਼ਰੀਦੇ ਅਤੇ ਵੇਚੇ ਜਾਂਦੇ ਹਨ।
ਮੋਬ: 98763-69059
ਪੱਤੀ ਭਲਾਈ ਨੇੜੇ ਮੰਦਰ, ਬਿਲਗਾ

ਸਵਤੰਤਰਤਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਲਖਵੀਰ ਸਿੰਘ ਸੰਘੇੜਾ
ਸਾਬਕਾ ਪ੍ਰਧਾਨ
ਕੋਆਪਰੇਟਿਵ ਸੁਸਾਇਟੀ
ਬਿਲਗਾ

ਸਵਤੰਤਰਤਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਵੱਲੋਂ:- ਹਰਮਿੰਦਰ ਪਾਲ ਨੰਬਰਦਾਰ (ਪਿੰਡ ਖੇਲਾ)
ਗੁਰਨਾਮ ਫਾਇਨਾਂਸ ਬਿਲਗਾ, ਨੇੜੇ ਪਟਵਾਰਖਾਨਾ ਬਿਲਗਾ

ਸਵਤੰਤਰਤਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਵੱਲੋਂ: ਦੁਸਾਂਝ ਸੀਮੈਂਟ ਅਤੇ ਸਰੀਆ ਸਟੋਰ
ਨੇੜੇ ਬੱਸ ਸਟੈਂਡ ਬਿਲਗਾ (ਜਲੰਧਰ)

ਡੇਰਾ ਬਾਬਾ ਗੁਲਾਬ ਜੀ ਪ੍ਰਬੰਧਕ ਕਮੇਟੀ ਫਰਵਾਲਾ ਵੱਲੋਂ ਆਜ਼ਾਦੀ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ
ਲੱਖ-ਲੱਖ ਵਧਾਈਆਂ
ਸਰਪ੍ਰਸਤ ਮਾਸਟਰ ਸੁਖਨਿੰਦਰ ਸਿੰਘ
ਪ੍ਰਧਾਨ ਅਮਨਦੀਪ ਸਿੰਘ ਫਰਵਾਲਾ
ਜਨਰਲ ਸਕੱਤਰ ਅੰਮ੍ਰਿਤਪਾਲ ਸਿੰਘ
ਸੀਨੀਆਰ ਮੀਤ ਪ੍ਰਧਾਨ ਚਰਨਜੀਤ ਸਿੰਘ ਰਾਣਾ
ਖਜਾਨਚੀ ਸਾਬਕਾ ਸਰਪੰਚ ਕੁਲਦੀਪ ਸਿੰਘ

TVS SCOOTER
ਸ੍ਵਤੰਤ੍ਰਤਾ ਦਿਵਸ 15TH AUGUST
Jupiter
ASSURED GIFTS Upto 2500/-
Starting from 79861/- | 5 YEAR WARRANTY | Downpayment 6999/-
SAI TVS
Main Bus Stand Bilga, Jalandhar 144036
M. 62836-26676
Inq No. 98722-50547

ਅਜਾਦੀ ਦਿਵਸ ਦੀਆਂ ਲੱਖ-ਲੱਖ ਵਧਾਈਆਂ
ਵੱਲੋਂ: ਬਿਲਗਾ ਆੜਤੀ ਐਸੋਸੀਏਸ਼ਨ ਦੇ ਅਹੁਦੇਦਾਰ
ਅਸ਼ੋਕ ਅਗਰਵਾਲ | ਰਜਿੰਦਰ ਸੋਨੀ | ਮਹੇਸ਼ ਪਾਲ | ਅਮਰਦੀਪ ਬਾਵਾ | ਸੋਨੂੰ

ਸਵਤੰਤਰਤਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਇੰਸਪੈਕਟਰ ਪਲਵਿੰਦਰ ਸਿੰਘ, ਥਾਣਾ ਮੁੱਖੀ ਬਿਲਗਾ
ਗਗਨਦੀਪ ਸਿੰਘ, ਮੁੱਖ ਮੁੰਸ਼ੀ ਥਾਣਾ ਬਿਲਗਾ | ਕੁਲਵਿੰਦਰ ਸਿੰਘ, ਸਬ ਇੰਸਪੈਕਟਰ | ਅਵਤਾਰ ਲਾਲ, ਸਹਾਇਕ ਸਬ ਇੰਸਪੈਕਟਰ | ਚਰਨਜੀਤ ਸਿੰਘ, ਸਹਾਇਕ ਸਬ ਇੰਸਪੈਕਟਰ | ਵਿਜੇ ਕੁਮਾਰ, ਸਹਾਇਕ ਸਬ ਇੰਸਪੈਕਟਰ | ਅਸ਼ੋਕ ਕੁਮਾਰ, ਸਹਾਇਕ ਸਬ ਇੰਸਪੈਕਟਰ

ਸਵਤੰਤਰਤਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਵੱਲੋਂ: ਸ੍ਰੀਮਤੀ ਊਸ਼ਾ ਬੱਧਣ ਪ੍ਰਧਾਨ ਮਹਿਲਾ ਕਾਂਗਰਸ ਯੂਨਿਟ ਬਿਲਗਾ

ਸਵਤੰਤਰਤਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਵੱਲੋਂ: ਸ੍ਰੀ ਅਮਰਜੀਤ ਜਾਨਗਲ ਸਰਪੰਚ ਪਿੰਡ ਖੋਖੇਵਾਲ

ਸਵਤੰਤਰਤਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
BLUE MOON RESTAURANT & PUB BAR
Under New Management Parminder Sanghera
Garden & AC Hall : Ring Ceremony, Kitty Party Birthday Party & Any Other Family Function
Mob: 86999-31000, 98154-10309
Parminder Singh Sanghera (Prop.)

ਸਹਿਯੋਗੀ ਸੱਜਣ

ਸਵਤੰਤਰਤਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
MADAN LAL TANGRI PHYSIOMED CENTRE
Contact: 90566-69501
Patti Nilowal, Bilga (Jal.)

ਸਵਤੰਤਰਤਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਇਸ ਵਿਸ਼ੇਸ਼ ਅੰਕ ਵਿੱਚ ਸਹਿਯੋਗ ਕਰਨ ਲਈ ਸਾਰੇ ਸੱਜਣਾ ਦਾ ਤਹਿ ਦਿਲੋ ਧੰਨਵਾਦ
ਨਵਾਂ ਜਮਾਨਾਂ
ਪੱਤਰਕਾਰ, ਬਿਲਗਾ
ਮੋਬ:- 98550-39439
ਵਿਜੈ ਕੁਮਾਰ